P-1-36/Date of Posting: 4th-9th October 2023

ਮੁੱਲ: ₹20

# ਪੰਖੜੀਆਂ

ਅਕਤੂਬਰ 2023



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

# ਪੰਖੜੀਆਂ

ਅਕਤੂਬਰ 2023, ਸਾਲ 53ਵਾਂ ਅੰਕ 10

ਮੁੱਖ ਸੰਪਾਦਕ: ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।


## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਪੱਗ ਦਾ ਇਤਿਹਾਸ ਅਤੇ ਮਹੱਤਤਾ/ਸੁਰਜੀਤ ਸਿੰਘ ਦਿਲਾ ਰਾਮ 4
ਜੋਤਸ਼ /ਲਖਵਿੰਦਰ ਸਿੰਘ ਬਾਜਵਾ 7
ਹਰਸ਼ ਮਾਸੀ ਤੇ ਡਾਕਟਰ ਪਦਮਾਵਤੀ /ਡਾ.ਹਰਸ਼ਿੰਦਰ ਕੌਰ 8
ਫ਼ਰੀਦਕੋਟ ਸਿੱਖ ਰਿਆਸਤ 'ਤੇ ਇੱਕ ਝਾਤ/ਮਾ.ਪ੍ਰਮੋਦ ਧੀਰ ਜੈਤੋ 12
ਸਾਡਾ ਜੀਵਨ /ਮਾ.ਸੰਜੀਵ ਧਰਮਾਣੀ 16
ਵਿਗਿਆਨੀ ਭਰਤ ਕੁਮਾਰ /ਪ੍ਰਿੰ.ਵਿਜੈ ਕੁਮਾਰ 18
ਦੋਹੇ /ਕੁੰਦਰ ਲਾਲ ਭੱਟੀ 19
ਰੁੱਖ ਤੇ ਪਾਣੀ ਦੀ ਅਜਬ ਕਹਾਣੀ/ਬਲਦੇਵ ਸਿੰਘ (ਸੜਕਨਾਮਾ) 20
...ਤੇ ਉਹਨੂੰ ਕਾਂ ਲੈ ਗਿਆ /ਰਣਜੀਤ ਸਿੰਘ ਨੂਰਪੁਰਾ 22
ਸਮਝ /ਅੰਜੂ ਵ ਰੱਤੀ 24
ਬਾਲ ਜੀਵਨ ਵਿੱਚ ਨੈਤਿਕਤਾ ਕਿਵੇਂ ਝਲਕੇ?/ਬਲਜਿੰਦਰ ਮਾਨ 25
ਆਪਣੇ ਹੁਨਰ ਨੂੰ ਤਰਾਸ਼ੋ /ਸੰਜੀਵ ਸਿੰਘ ਸੈਣੀ 27
ਲੋਕ ਸਾਜ਼ /ਧੰਨਾ ਧਾਲੀਵਾਲ 28
ਬਾਬਾ ਬੋਹੜ /ਮਾ.ਮੋਹਨ ਸਿੰਘ 29
ਪਹਿਲਾ ਦਰਜਾ /ਅਮਰ ਸੂਫ਼ੀ 30
ਥੇਹ /ਜਸਬੀਰ ਭੁੱਲਰ 31
ਗਿਆਨ ਮੁਕਾਬਲਾ /ਡਾ.ਦਰਸ਼ਨ ਸਿੰਘ ਆਸ਼ਟ 35

ਸੰਪਾਦਕੀ: ਦਰਸ਼ਨ ਸਿੰਘ ਬਨੂੜ



# "ਸਿਹਤ ਸਿੱਖਿਆ ਅਤੇ ਖੇਡਾਂ"

ਪਿਆਰੇ ਦੋਸਤੋ

ਕੀ ਤੁਸੀਂ ਜਾਣਦੇ ਹੋ ਕਿ ਮਨੁੱਖ ਨੂੰ ਵਧੀਆ ਜੀਵਨ ਜਿਊਣ ਲਈ ਕਿਹੜੀਆਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਚਲੋ, ਆਓ ਮੈਂ ਦੱਸਦਾ ਹਾਂ ਕਿ ਮਨੁੱਖੀ ਜੀਵਨ ਲਈ ਕਿਹੜੀਆਂ ਚੀਜ਼ਾਂ ਅਤਿ ਮਹੱਤਵਪੂਰਨ ਹੁੰਦੀਆਂ ਹਨ। ਮਨੁੱਖ ਲਈ ਵਧੀਆ ਜੀਵਨ ਜਿਊਣ ਲਈ ਵਧੀਆ ਸਿਹਤ, ਵਧੀਆ ਸਿੱਖਿਆ ਅਤੇ ਨਰੋਏ ਤੰਦਰੁਸਤ ਸਰੀਰ ਦੀ ਜ਼ਰੂਰਤ ਹੁੰਦੀ ਹੈ।

ਆਪਾਂ ਹਮੇਸ਼ਾਂ ਸੁਣਦੇ ਆਉਂਦੇ ਹਾਂ ਕਿ ਬਾਹਰਲੇ ਮੁਲਕਾਂ ਵਿੱਚ ਸਿੱਖਿਆ ਅਤੇ ਮੈਡੀਕਲ ਸਹੂਲਤਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਬਾਹਰਲੀਆਂ ਸਰਕਾਰਾਂ ਸਿੱਖਿਆ ਅਤੇ ਮੈਡੀਕਲ ਸਹੂਲਤਾਂ ਆਪਣੀ ਜਨਤਾ ਨੂੰ ਬਿਲਕੁਲ ਮੁਫ਼ਤ ਦਿੰਦੀਆਂ ਹਨ ਅਤੇ ਉਹਨਾਂ ਦਾ ਬਹੁਤ ਜ਼ਿਆਦਾ ਧਿਆਨ ਰੱਖਦੀਆਂ ਹਨ। ਇਹੀ ਕਾਰਨ ਹੈ ਕਿ ਉਹ ਲੋਕ ਸਾਡੇ ਨਾਲੋਂ ਵਧੇਰੇ ਤੰਦਰੁਸਤ ਅਤੇ ਵਧੀਆ ਸੋਚ ਵਾਲ਼ੇ ਹੁੰਦੇ ਹਨ।

ਪਿਆਰੇ ਦੋਸਤੋ! ਹੁਣ ਕੁਝ ਸਮੇਂ ਤੋਂ ਸਾਡੀ ਸਰਕਾਰ ਵੀ ਸ਼ਾਇਦ ਬਾਹਰਲੇ ਮੁਲਕਾਂ ਵਾਲ਼ਾ ਮੰਤਰ ਅਪਣਾਉਣ ਲੱਗੀ ਹੈ। ਸਾਡੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਮਾਨਯੋਗ ਸ੍ਰ. ਹਰਜੋਤ ਸਿੰਘ ਬੈਂਸ ਵੱਲੋਂ ਬੜੇ ਵੱਡੇ ਪੱਧਰ ਤੇ ਸਿਹਤ ਸਿੱਖਿਆ ਅਤੇ ਖੇਡਾਂ ਪ੍ਰਤੀ ਨੀਤੀਆਂ ਤੇ ਬੜਾ ਜ਼ੋਰ ਦਿੱਤਾ ਹੋਇਆ ਹੈ। ਬਾਹਰਲੇ ਮੁਲਕਾਂ ਦੇ ਸਿੱਖਿਆ ਪ੍ਰਬੰਧ ਨੂੰ ਅਪਣਾਉਣ ਲਈ ਪੰਜਾਬ ਦੇ ਅਧਿਆਪਕਾਂ ਨੂੰ ਵਿਦੇਸਾਂ ਤੋਂ ਟ੍ਰੇਨਿੰਗ ਦਵਾਈ ਜਾ ਰਹੀ ਹੈ।

ਸਿਹਤ ਪੱਖੋਂ ਦੇਖੀਏ ਤਾਂ ਪਿੰਡ-ਪਿੰਡ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ। ਜਿੱਥੇ ਪਿੰਡਾਂ ਦੀ ਵਧੇਰੇ ਜਨਤਾ ਮੈਡੀਕਲ ਟੈਸਟ ਅਤੇ ਹੋਰ ਸਿਹਤ ਸਹੂਲਤਾਂ ਦਾ ਲਾਭ ਉਠਾ ਰਹੇ ਹਨ। ਨਿੱਕੇ ਮੋਟੇ ਟੈਸਟ ਅਤੇ ਨਿੱਕੀਆਂ ਮੋਟੀਆਂ ਬਿਮਾਰੀਆਂ ਦਾ ਇਲਾਜ ਪਿੰਡ ਪੱਧਰ ਤੇ ਹੀ ਹੋਣ ਲਗ ਪਿਆ ਹੈ। ਲੋਕਾਂ ਦੇ ਘਰਾਂ ਤੱਕ ਡਾਕਟਰਾਂ ਦੀ ਪਹੁੰਚ ਹੋਣ ਲੱਗੀ ਹੈ।

ਇਸੇ ਤਰ੍ਹਾਂ ਸਿੱਖਿਆ ਨੀਤੀ ਜੋ ਕਿ ਕਿਸੇ ਵੀ ਰਾਜ ਜਾਂ ਦੇਸ ਦੀ ਬੁਨਿਆਦ ਹੁੰਦੀ ਹੈ। ਮਾਨਯੋਗ ਸਿੱਖਿਆ ਮੰਤਰੀ ਜੀ ਵਲੋਂ ਪਿੰਡਾਂ ਸ਼ਹਿਰਾਂ ਦੇ ਸਕੂਲਾਂ ਵਿੱਚ ਆਪ ਖ਼ੁਦ ਜਾ ਜਾ ਕੇ ਸਕੂਲੀ ਪ੍ਰਬੰਧ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਸਕੂਲਾਂ ਵਿੱਚ ਅਧਿਆਪਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨਾਲ਼ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕੀਤਾ ਜਾ ਰਿਹਾ ਹੈ। ਬਹੁਤ ਦੇਰ ਬਾਅਦ ਏਦਾਂ ਦੀ ਸਰਕਾਰ ਆਈ ਹੈ। ਜਿਸ ਨੇ ਮੁੱਢਲੀਆਂ ਮਨੁੱਖੀ ਜ਼ਰੂਰਤਾਂ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਇਸ ਸਰਕਾਰ ਦੀ ਤਾਰੀਫ਼ ਕਰਨੀ ਬਣਦੀ ਹੈ।

ਸਿਹਤ ਸਿੱਖਿਆ ਦੇ ਨਾਲ਼-ਨਾਲ਼ ਸਰੀਰਕ ਤੰਦਰੁਸਤੀ ਲਈ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਤੇ ਖੇਡਾਂ ਦੇ ਆਯੋਜਨ ਕੀਤੇ ਜਾ ਰਹੇ ਹਨ। ਜਿਸ ਵਿੱਚ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਵਿੱਚੋਂ ਬਹੁਤ ਹੀ ਵਧੀਆ ਖਿਡਾਰੀ ਨਿਕਲ ਕੇ ਸਾਹਮਣੇ ਆ ਰਹੇ ਹਨ। ਸਕੂਲਾਂ ਅਤੇ ਖੇਡ ਮੈਦਾਨਾਂ ਵਿੱਚ ਫਿਰ ਤੋਂ ਰੌਣਕਾਂ ਪਰਤ ਆਈਆਂ ਹਨ। ਇਹ ਸਾਰਾ ਕੁਝ ਵਧੀਆ ਸੋਚ ਵਾਲੀ ਸਰਕਾਰ ਸਦਕਾ ਹੀ ਹੋ ਸਕਿਆ ਹੈ।

ਪਿਆਰੇ ਦੋਸਤੋ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਅਤੇ ਮਾਨਯੋਗ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਵਲੋਂ ਸਿਹਤ ਅਤੇ ਸਿੱਖਿਆ ਖ਼ੇਤਰ ਵਿੱਚ ਕੀਤੇ ਜਾ ਰਹੇ ਵਧੀਆ ਉਪਰਾਲਿਆਂ ਦੀ ਸ਼ਲਾਘਾ ਕਰਨੀ ਬਣਦੀ ਹੈ। ਨਿਕੜਿਓ ਕਦੇ ਕਦੇ ਹੀ ਅਜਿਹੇ ਮੰਤਰੀ ਅਤੇ ਅਜਿਹੀ ਵਧੀਆ ਸੋਚ ਵਾਲ਼ੀ ਸਰਕਾਰ ਮਿਲਦੀ ਹੈ।

ਸੋ ਆਓ, ਸਰਕਾਰ ਵੱਲੋਂ ਕੀਤੇ ਜਾ ਰਹੇ ਵਧੀਆਂ ਉਪਰਾਲਿਆਂ ਤੋਂ ਲਾਭ ਉਠਾਈਏ। ਸਿਹਤ ਸਿੱਖਿਆ ਅਤੇ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰੀਏ। ਸਿੱਖਿਆਂ ਦੇ ਖ਼ੇਤਰ ਵਿੱਚ ਵੱਡੇ ਅਹੁਦੇ ਹਾਸਲ ਕਰੀਏ। ਖੇਡ ਮੈਦਾਨਾਂ ਵਿੱਚ ਸੋਨਾ ਹਾਸਲ ਕਰੀਏ। ਆਪਣੇ ਰਾਜ ਦਾ ਨਾਂ ਪੂਰੇ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿੱਚ ਉੱਚਾ ਕਰੀਏ।



ਸੁਰਜੀਤ ਸਿੰਘ ਦਿਲਾ ਰਾਮ
99147-22933

# ਪੱਗ ਦਾ ਇਤਿਹਾਸ ਅਤੇ ਮਹੱਤਤਾ

ਕੇਸਾਧਾਰੀ ਹੋ ਕੇ ਕੇਸਾਂ ਦੀ ਸੰਭਾਲ਼ ਕਰਨਾ ਤੇ ਪੱਗ ਬੰਨਣਾ ਸਿਰਫ਼ ਸਿੱਖ ਧਰਮ ਵਿੱਚ ਹੀ ਨਹੀ ਹੈ, ਬਲਕਿ ਸੰਸਾਰ ਦੇ ਹੋਰ ਧਰਮਾਂ 'ਚ ਵੀ ਇਹ ਪੁਰਾਤਨ ਰਵਾਇਤ ਰਹਿ ਚੁੱਕੀ ਹੈ। ਪੱਗ ਕਿਸੇ ਨਾ ਕਿਸੇ ਰੂਪ ਵਿੱਚ ਈਸਾਈ, ਯਹੂਦੀ, ਮੁਸਲਮਾਨ, ਹਿੰਦੂਆਂ ਅਤੇ ਸਿੱਖਾਂ ਦੇ ਸਿਰਾਂ ਦਾ ਤਾਜ਼ ਰਹੀ ਹੈ ਅਤੇ ਅੱਜ ਵੀ ਹੈ। ਕਈ ਫ਼ਿਰਕਿਆਂ ਵਿੱਚ ਤਾਂ ਅੱਜ ਵੀ ਪੱਗ ਬੰਨਣ ਦਾ ਰਿਵਾਜ਼ ਹੈ। ਈਸਾਈਆਂ ਦੇ ਪਵਿੱਤਰ ਧਰਮ ਗ੍ਰੰਥ ਬਾਈਬਲ ਵਿੱਚ ਪੱਗ ਬੰਨਣ ਦਾ ਜ਼ਿਕਰ ਕਈ ਵਾਰ ਆਇਆ ਹੈ। ਬਾਈਬਲ ਦੇ ਚੈਪਟਰ 'ਕੂਚ' ਦੇ 28 ਨੰਬਰ ਪੰਨੇ 'ਤੇ ਜਿਕਰ ਹੈ "ਤੂੰ ਆਪਣੇ ਭਰਾ ਲਈ ਪੁਰੋਹਿਤਾਈ ਦੇ ਕੱਪੜੇ ਬਣਾ ਜੋ ਵੇਖਣ ਵਿੱਚ ਗੌਰਵਸ਼ਾਲੀ ਅਤੇ ਸੁੰਦਰ ਹੋਣ...ਉਹ ਕੱਪੜੇ ਇਹ ਹਨ; ਛਾਤੀ 'ਤੇ ਬੰਨਣ ਵਾਲ਼ਾ ਪਟਕਾ, ਇੱਕ ਟਿਊਨਿਕ, ਇੱਕ ਕੱਢਿਆ ਹੋਇਆ ਕੁੜਤਾ, ਇੱਕ ਪਗੜੀ ਅਤੇ ਇੱਕ ਲੱਕ ਦੁਆਲੇ ਬੰਨਣ ਲਈ ਪੇਟੀ...।"

ਪੁਰਾਤਨ ਅਹਿਦਨਾਮੇ ਵਿੱਚ ਜ਼ਿਕਰ ਮਿਲਦਾ ਹੈ ਕਿ ਮਨੁੱਖ ਨੂੰ ਮਲਮਲ ਦੀ ਦਸਤਾਰ ਸਜਾ ਕੇ ਦਰਬਾਰ ਵਿੱਚ ਜਾਣਾ ਚਾਹੀਦਾ ਹੈ। (Old Testament. Ezakiel, 44:18:19)

ਇਸੇ ਤਰ੍ਹਾਂ ਵਿਸ਼ਵ ਬੁੱਕ "ਇਨਸਾਈਕਲੋਪੀਡੀਆ" ਦੇ ਭਾਗ 14 ਅਨੁਸਾਰ "ਇੱਕ ਮੌਕੇ ਤੁਰਕੀ ਦਾ ਸੁਲਤਾਨ ਪੱਗ ਉੱਪਰ ਸਾਰਸ ਦੇ ਤਿੰਨ ਖ਼ੰਭ ਲਾਉਂਦਾ ਸੀ ਅਤੇ ਕੀਮਤੀ ਹੀਰੇ ਸਜਾਉਂਦਾ ਸੀ। ਉਸਦੇ ਸ਼ਾਹੀ ਵਜ਼ੀਰ ਦੋ ਖ਼ੰਭ, ਜਦਕਿ ਸਧਾਰਨ ਸਰਕਾਰੀ ਅਫ਼ਸਰ ਸਿਰਫ਼ ਇੱਕ ਖ਼ੰਭ ਲਗਾਉਂਦੇ ਸਨ।" ਇਤਨਾ ਹੀ ਨਹੀ "ਇਨਸਾਈਕਲੋਪੀਡੀਆ ਆਫ਼ ਇਸਲਾਮ" ਦੇ 84 ਨੰਬਰ ਸਫ਼ੇ 'ਤੇ ਵੀ ਪੱਗ ਬਾਰੇ ਜ਼ਿਕਰ ਮਿਲਦਾ ਹੈ ਕਿ ਕਿਸ ਤਰ੍ਹਾਂ ਤੁਰਕੀ, ਸੀਰੀਆ, ਮਿਸਰ ਆਦਿ ਦੇਸਾਂ ਦੇ ਲੋਕ ਪੱਗ ਦਾ ਬਹੁਤ ਸਤਿਕਾਰ ਕਰਦੇ ਸਨ। ਇਸ ਗੱਲ ਤੇ ਸਾਰੇ ਵਿਦਵਾਨ ਸਹਿਮਤੀ ਪ੍ਰਗਟ ਕਰਦੇ ਹਨ ਕਿ ਪੱਗ ਦਾ ਮੁੱਢ ਯਹੂਦੀਆਂ ਅਤੇ ਅਰਬੀਆਂ ਤੋਂ ਹੀ ਹੋਇਆ ਹੈ।

ਪੱਗ ਨੂੰ ਪੰਜਾਬੀ ਵਿੱਚ 'ਸਾਫ਼ਾ, ਪੱਗੜੀ ਜਾਂ ਦਸਤਾਰ ਆਖਿਆ ਜਾਂਦਾ ਹੈ। ਫਾਰਸੀ ਵਿੱਚ 'ਦੁਲਬੰਦ', ਤੁਰਕੀ ਵਿੱਚ 'ਤਾਰਬੁਸ਼' ਆਖਿਆ ਜਾਂਦਾ ਹੈ। ਅੰਗਰੇਜ਼ੀ ਵਿੱਚ 'ਟਰਬਨ', ਫ਼ਰਾਂਸੀਸੀ ਵਿੱਚ 'ਟਬੰਦ' ਕਿਹਾ

ਜਾਂਦਾ ਹੈ।

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਵੱਖ-ਵੱਖ ਧਰਮਾਂ ਦੇ ਪੈਗ਼ੰਬਰ, ਮੁਖੀ ਅਤੇ ਕਈ ਦੇਸਾਂ ਦੇ ਰਾਜੇ ਵੀ ਪੱਗ ਬੰਨ੍ਹਿਆ ਕਰਦੇ ਸਨ। ਪੱਗ ਨੂੰ ਸਿਰ ਦੇ ਤਾਜ਼ ਦਾ ਦਰਜ਼ਾ ਦਿੱਤਾ ਗਿਆ ਹੈ। ਬਾਬਾ ਫ਼ਰੀਦ ਜੀ 12 ਵੀਂ ਸਦੀ 'ਚ ਹੋਏ ਹਨ ਉਨ੍ਹਾਂ ਦਾ ਇੱਕ ਸਲੋਕ "ਫਰੀਦਾ ਮੈ ਭੋਲਾਵਾ ਪਗ ਦਾ ਮਤਿ ਮੈਲੀ ਹੋਇ ਜਾਇ" ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਦੋਂ ਮੁਸਲਮਾਨ ਲੋਕ ਵੀ ਪੱਗ ਦਾ ਕਿੰਨਾ ਸਤਿਕਾਰ ਕਰਦੇ ਸਨ। ਇਸੇ ਤਰ੍ਹਾਂ ਭਗਤ ਨਾਮਦੇਵ ਜੀ ਦਾ ਸ਼ਬਦ ਹੈ "ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ" ਅਤੇ "ਸਾਬਤ ਸੂਰਤਿ ਦਸਤਾਰ ਸਿਰਾ" ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੱਗ ਬੰਨਣ ਦਾ ਰਿਵਾਜ ਉਸ ਸਮੇਂ ਵੀ ਸੀ। ਇਤਨਾ ਹੀ ਗੁਰੂ ਕਾਲ ਸਮੇਂ ਹੋਏ ਬਾਦਸ਼ਾਹ ਜਿੱਥੇ ਦਸਤਾਰ ਸਜਾਉਂਦੇ ਸਨ ਉਥੇ ਹੀ ਉਹ ਆਪਣੇ ਦਰਬਾਰੀਆਂ ਅਤੇ ਅਹਿਲਕਾਰਾਂ ਨੂੰ ਹੁਕਮ ਕਰਦੇ ਸਨ ਕਿ ਸੁਹਣੀ ਪੱਗ ਬੰਨਿਆ ਕਰਨ। ਇੱਕ ਉਦਾਹਰਨ ਅਕਬਰ ਸਮੇਂ ਦੀ ਮਿਲਦੀ ਹੈ ਕਿ ਬਾਦਸ਼ਾਹ ਨੇ ਚੰਗੀ ਅਤੇ ਮਾੜੀ ਪੱਗ ਦਾ ਮੁਕਾਬਲਾ ਬੀਰਬਲ ਦਾ ਮੁੱਲਾਂ ਦੁਪਿਆਜ਼ਾ ਨਾਲ਼ ਕਰਵਾਇਆ। ਮੁੱਲਾਂ ਦੁਪਿਆਜ਼ਾ ਅਰਬ ਦਾ ਜੰਮਪਲ ਹੋਣ ਕਰਕੇ ਪੱਗ ਬੰਨਣ ਵਿੱਚ ਬੜਾ ਮਾਹਿਰ ਸੀ। ਬੀਰਬਲ ਦਿੱਲੀ ਦਾ ਵਸਨੀਕ ਸੀ ਇਸ ਕਰਕੇ ਉਸਨੂੰ ਪੱਗ ਬੰਨਣੀ ਨਹੀ ਸੀ ਆਉਂਦੀ। ਉਹ ਦੋਵੇਂ ਘਰੋਂ ਸੁਹਣੀਆਂ ਪੱਗਾਂ ਬੰਨ ਕੇ ਆ ਗਏ। ਫਿਰ ਅਕਬਰ ਨੇ ਦੁਬਾਰਾ ਪੱਗਾਂ ਦਰਬਾਰ 'ਚ ਆਪਣੇ ਸਾਹਮਣੇ ਬੰਨਵਾਈਆਂ ਤੇ ਮੁੱਲਾਂ ਦੁਪਿਆਜ਼ਾ ਸੋਹਣੀ ਪੱਗ ਬੰਨਣ ਕਾਰਨ ਜਿੱਤ ਗਿਆ। ਇਤਨਾ ਹੀ ਨਹੀ ਅਕਬਰ ਦੀ ਤਰ੍ਹਾਂ ਜਹਾਂਗੀਰ ਨੇ ਵੀ ਦਰਬਾਰੀਆਂ ਦੀ ਸੋਹਣੀ ਪੱਗ ਬੰਨਣ 'ਤੇ ਬਹੁਤ ਜੋਰ ਦਿੱਤਾ। ਜਹਾਂਗੀਰ ਦੇ ਮੁਕਾਬਲੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਅਬਦੁੱਲੇ ਨੇ ਗੁਰੂ ਸਾਹਿਬ ਦੇ ਬੰਨੀ ਸੁਹਣੀ ਦਸਤਾਰ ਨੂੰ ਇਨ੍ਹਾਂ ਸ਼ਬਦਾਂ ਨਾਲ਼ ਸਲਾਹਿਆ ਹੈ:

ਦੋ ਤਲਵਾਰੀਂ ਬੱਧੀਆਂ,
ਇੱਕ ਮੀਰ ਦੀ ਇੱਕ ਪੀਰ ਦੀ।
ਇੱਕ ਅਜ਼ਮਤ ਦੀ ਇੱਕ ਰਾਜ ਦੀ,
ਇੱਕ ਰਾਖੀ ਕਰੇ ਵਜ਼ੀਰ ਦੀ...
ਪੱਗ ਤੇਰੀ, ਕੀ ਜਹਾਂਗੀਰ ਦੀ।

ਸਿੱਖ ਧਰਮ ਵਿੱਚ ਪੱਗ ਪਹਿਲੇ ਗੁਰੂ ਦੇ ਸਮੇਂ ਤੋਂ ਹੀ ਬੰਨੀ ਜਾਂਦੀ ਰਹੀ ਹੈ ਪਰ ਗੁਰੂ ਗੋਬਿੰਦ ਸਿੰਘ ਜੀ 1699 ਦੀ ਵਿਸਾਖੀ ਨੂੰ ਸਿੱਖਾਂ ਦੀ ਵੱਖਰੀ ਪਹਿਚਾਣ ਦੇਣ ਲਈ ਕੇਸਾਂ ਲਈ ਦਸਤਾਰ (ਪੱਗ) ਲਾਜ਼ਮੀ ਕਰ ਦਿੱਤੀ। ਪਾਉਂਟਾ ਸਾਹਿਬ ਵਿਖੇ "ਗੁਰਦੁਆਰਾ ਦਸਤਾਰ ਅਸਥਾਨ" ਦਾ ਇਤਿਹਾਸ ਇਹ ਦੱਸਦਾ ਹੈ ਕਿ ਗੁਰੂ ਸਾਹਿਬ ਉੱਥੇ ਸੁਹਣੀਆਂ ਦਸਤਾਰਾਂ ਦੇ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਸਨਮਾਨ ਦਿੰਦੇ ਹੁੰਦੇ ਸੀ। ਪੱਗ ਲਈ ਜਿੰਨੀਆਂ ਕੁਰਬਾਨੀਆਂ ਸਿੱਖ ਧਰਮ 'ਚ ਮਿਲਦੀਆਂ ਹਨ ਉਨੀਆਂ ਕਿਸੇ ਹੋਰ ਧਰਮ 'ਚ ਨਹੀ। ਸਮੇਂ ਦੇ ਬਦਲਾਅ ਕਾਰਨ ਬਾਕੀ ਧਰਮਾਂ ਵਿੱਚ ਤਾਂ ਪੱਗੜੀ ਦਾ ਰਿਵਾਜ਼ ਬਹੁਤ ਘਟ ਗਿਆ ਹੈ ਅਤੇ ਟੋਪੀ ਦਾ ਰਿਵਾਜ਼ ਚੱਲ ਪਿਆ ਹੈ, ਪਰੰਤੂ ਸਿੱਖ ਧਰਮ ਵਿੱਚ ਅਜਿਹਾ ਨਹੀ। ਮੁਗ਼ਲ ਕਾਲ ਦੌਰਾਨ ਸਿੱਖਾਂ ਨੂੰ ਕੇਸ ਅਤੇ ਦਸਤਾਰ ਲਈ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ। ਭਾਈ ਤਾਰੂ ਸਿੰਘ ਦੀ ਸ਼ਹੀਦੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ।" ਇੱਕ ਵਾਰ ਭਾਈ ਸੁੱਖਾ ਸਿੰਘ ਦੀ ਮਾਂ ਨੇ ਮੁਗ਼ਲਾਂ ਦੇ ਡਰ ਤੋਂ ਸੁੱਤੇ ਪਏ ਦੇ ਕੇਸ ਕੱਟ ਦਿਤੇ। ਜਦੋਂ ਸਵੇਰ ਹੋਈ ਤਾਂ ਭਾਈ ਸੁੱਖਾ ਨੇ ਖ਼ੂਹ 'ਚ ਛਾਲ਼ ਮਾਰ ਦਿੱਤੀ ਕਿ ਮੇਰੀ ਮਾਂ ਨੇ ਮੇਰੀ ਸਿੱਖੀ ਹੀ ਨਹੀਂ ਮੇਰਾ ਹੀ ਕਤਲ ਕਰ ਦਿਤਾ। ਖ਼ੂਹ 'ਚ ਪਾਣੀ ਥੋੜ੍ਹਾ ਸੀ ਤੇ ਉਹ ਬਚ ਗਿਆ। ਕੋਲ਼ੋ ਇੱਕ ਸਿੰਘ ਲੰਘਿਆ ਤੇ ਉਸ ਨੇ ਕਿਹਾ ਮਰਨਾ ਹੀ ਐ ਤੇ ਕੁਝ ਕਰ ਕੇ ਮਰ ਇਦਾਂ ਮਰਨ ਦਾ ਕੀ ਫ਼ਾਈਦਾ। ਉਹ ਨਿਹੰਗ ਸਿੰਘਾਂ ਦੀ ਫ਼ੌਜ ਵਿੱਚ ਭਰਤੀ ਹੋਇਆ। ਅਜਿਹਾ ਸੂਰਮਾ ਬਣਿਆ ਕਿ ਦਰਬਾਰ ਸਾਹਿਬ ਵਿੱਚ ਕੁਕਰਮ ਕਰ ਰਹੇ ਮੱਸੇ ਰੰਘੜ ਦਾ ਸਿਰ ਵੱਢ ਕੇ ਨੇਜ਼ੇ

ਤੇ ਟੰਗ ਕੇ ਲਿਆਇਆ...।'' ਇਤਨਾ ਹੀ ਨਹੀ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਪੱਗ ਬੰਨਣ ਦੀ ਇਜ਼ਾਜਤ ਵੀ ਬੜੀ ਜੱਦੋ-ਜਹਿਦ ਕਰਕੇ ਹੀ ਮਿਲੀ ਹੈ।

ਸਿੱਖਾਂ ਦੇ ਰਹਿਤਨਾਮਿਆਂ ਵਿੱਚ ਪੱਗ ਬੰਨਣ ਜ਼ਿਕਰ ਹੈ: ਭਾਈ ਨੰਦ ਲਾਲ ਜੀ ਲਿਖਦੇ ਹਨ: ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ। ਇਸੇ ਤਰ੍ਹਾਂ ਭਾਈ ਦੇਸਾ ਸਿੰਘ ਜੀ ਅਨੁਸਾਰ: ਜੂੜਾ ਸੀਸ ਕੇ ਮੱਧ ਭਾਗ ਮੇਂ ਰਾਖਾ, ਔਰ ਪਾਗ ਬੜੀ ਬਾਂਧੇ।

ਪੱਗ ਇੱਕਲੀ ਸਿਰ ਦਾ ਤਾਜ਼ ਹੀ ਨਹੀਂ ਮੰਨੀ ਗਈ, ਪੱਗ ਵਿਅਕਤੀ ਦੀ ਇੱਜ਼ਤ ਵੀ ਮੰਨੀ ਗਈ ਹੈ। ਕਈ ਪੰਜਾਬੀ ਅਖਾਣ ਇਸ ਗੱਲ ਦੀ ਗਵਾਹੀ ਭਰਦੇ ਹਨ ਜਿਵੇ: ''ਮੇਰੀ ਪੱਗ ਨਾ ਰੋਲੀ'', ''ਪੱਗ 'ਤੇ ਦਾਗ਼ ਨਾ ਲੱਗਣ ਦੇਵੀਂ'', ''ਪੱਗ ਦੀ ਲਾਜ ਰੱਖੀ'', ''ਪੱਗ ਨਾ ਲਹਿਣ ਦੇਈਂ'' ਆਦਿ। ਪੱਗ ਨੂੰ ਸਿਰ ਤੋਂ ਲਾਹ ਕੇ ਪੈਰਾਂ ਵਿੱਚ ਰੱਖਣ ਨੂੰ ਮੁਆਫ਼ੀ ਮੰਗਣ ਦਾ ਅਹਿਸਾਸ ਸਮਝਿਆ ਜਾਂਦਾ ਹੈ। ਪੱਗ ਇੱਜ਼ਤ ਅਤੇ ਸਰਦਾਰੀ ਦਾ ਪ੍ਰਤੀਕ ਹੈ ਇਸ ਗੱਲ ਦਾ ਪ੍ਰਮਾਣ ''ਪੱਗੜੀ ਸੰਭਾਲ਼ ਜੱਟਾ, ਪੱਗੜੀ ਸੰਭਾਲ ਓਏ'' ਗੀਤ ਤੋਂ ਮਿਲਦਾ ਹੈ। ਇਤਨਾ ਹੀ ਨਹੀਂ ਪੰਜਾਬੀ ਸੱਭਿਆਚਾਰ ਵਿੱਚ ਵੀ ਪੱਗ ਦੀ ਅਹਿਮ ਭੂਮਿਕਾ ਰਹੀ ਹੈ ਜਿਵੇਂ ਪਹਿਲਾਂ ਘੋਲਾਂ, ਛਿੰਜਾਂ ਵਿੱਚ ਇਨਾਮ ਵਜੋਂ ਜੇਤੂ ਪਹਿਲਵਾਨਾਂ ਨੂੰ ਪੱਗ ਦੇਣੀ। ਵਿਆਹ ਸਮੇਂ ਲਾੜੇ ਨੇ ਪੱਗ ਬੰਨਣਾ, ਵਿਆਹ ਦੀ ਮਿਲਣੀ ਸਮੇਂ ਪੱਗ ਦੇਣਾ, ਮਾਂ ਬਾਪ ਦੀ ਮੌਤ ਪਿਛੋਂ ਉਸਦੇ ਉਤਰਾਧਿਕਾਰੀ ਨੂੰ ਪੱਗ ਬੰਨਣਾ ਆਦਿ ਰਸਮਾਂ ਰਿਵਾਜ਼ਾਂ ਵਿੱਚ ਪੱਗ ਦੀ ਅਹਿਮ ਭੂਮਿਕਾ ਹੁੰਦੀ ਹੈ।

ਪੰਜਾਬੀ ਦੇ ਕਿਸਾਕਾਰ ਦਮੋਦਰ ਆਪਣੀ ''ਹੀਰ'' ਅੰਦਰ ਪੱਗ ਦਾ ਜ਼ਿਕਰ ਕਰਦੇ ਹਨ: ਜਣੇ-ਖਣੇ ਨੂੰ ਪਗੜੀ, ਮੰਗਤੇ ਇੱਕ ਇੱਕ ਖੇਸ ਦਿਵਾਏ।'' ਇੱਕ ਪੁਰਾਣਾ ਅਖਾਣ ਵੀ ਹੈ ਕਿ ਸਹੀ ਵਿਅਕਤੀ ਦੀ ਪਹਿਚਾਣ ਉਸਦੀ ''ਰਫ਼ਤਾਰ, ਦਸਤਾਰ ਅਤੇ ਗੁਫ਼ਤਾਰ'' ਤੋਂ ਹੀ ਕੀਤੀ ਜਾ ਸਕਦੀ ਹੈ। ਸਾਡਾ ਸਾਹਿਤ, ਲੋਕ ਗੀਤ, ਬੋਲੀਆਂ, ਵਾਰਾਂ, ਕਿੱਸਿਆਂ ਆਦਿ ਵਿੱਚ ਪੱਗ ਦਾ ਮਹੱਤਵ ਦਰਸਾਇਆ ਗਿਆ ਹੈ। ਪੱਗ ਸਭਿਆਚਾਰ ਦਾ ਜਿੱਥੇ ਪ੍ਰਤੀਕ ਹੈ, ਉੱਥੇ ਹੀ ਉਹ ਵਿਰਸੇ ਦਾ ਅਨਿੱਖੜਵਾਂ ਅੰਗ ਹੈ। ਪੱਗ ਜਿੱਥੇ ਸਿੱਖਾਂ ਲਈ ਖ਼ਾਸ ਮਹੱਤਵ ਰੱਖਦੀ ਹੈ ਉਥੇ ਹੀ ਹੋਰ ਧਰਮਾਂ ਵਿੱਚ ਵੀ ਇਸਦਾ ਆਪਣਾ ਸਥਾਨ ਹੈ। ਅਸਲ ਵਿੱਚ ਦਸਤਾਰ ਸਰਦਾਰੀ ਦਾ ਪ੍ਰਤੀਕ ਹੈ।





ਲਖਵਿੰਦਰ ਸਿੰਘ ਬਾਜਵਾ
94167-34506

# ਜੋਤਸ਼

ਰਾਜੇ ਦਿਆਂ ਮਹਿਲਾਂ ਅੰਦਰ, ਇੱਕ ਜੋਤਸ਼ੀ ਆਇਆ,
ਕਰ ਕੇ ਗੱਲਾਂ ਖ਼ਾਸ ਤਿਲਸਮੀ, ਸਭ ਤੇ ਗਲਬਾ ਪਾਇਆ।

ਰਾਜੇ ਹੱਥ ਵਧਾ ਕੇ ਪੁੱਛਿਆ, ਕਿਸਮਤ ਜਰਾ ਬਤਾਓ।
ਕਿੰਨੀ ਦੇਰ ਹੋਰ ਮੈਂ ਜੀਣਾ, ਸੱਚੋ ਸੱਚ ਸਮਝਾਓ।

ਹੱਥ ਵੇਖ ਕੇ ਕਹੇ ਜੋਤਸ਼ੀ, ਵਰਤੇ ਰੱਬ ਦਾ ਭਾਣਾ,
ਇੱਕ ਹਫ਼ਤੇ ਦੇ ਅੰਦਰ ਰਾਜਾ, ਤੁਮਨੇ ਹੈ ਮਰ ਜਾਣਾ।

ਸੁਣ ਰਾਜੇ ਦੇ ਪੈਰਾਂ ਹੇਠੋਂ, ਖਿਸਕ ਗਈ ਇਓਂ ਮਿੱਟੀ,
ਚਿੰਤਾ ਨੇ ਆ ਗਲਬਾ ਪਾਇਆ, ਸੂਰਤ ਹੋਈ ਚਿੱਟੀ।

ਖ਼ਬਰ ਮੌਤ ਦੀ ਸੁਣ ਕੇ ਪਲ ਵਿੱਚ, ਫ਼ੱਕ ਹੋ ਗਿਆ ਚਿਹਰਾ,
ਵਿੱਚ ਗ਼ਮਾਂ ਦੇ ਪਰ੍ਹਾਂ ਵਗਾਹਿਆ, ਲਾਹ ਕੇ ਕਲਗੀ ਸਿਹਰਾ।

ਚੱਕਰ ਖਾ ਕੇ ਧਰਤੀ ਉੱਤੇ, ਬੈਠ ਗਿਆ ਚੁੱਪ ਕਰਕੇ,
ਹੋ ਨਿਰਾਸ਼ ਵਿਚਾਰਨ ਲੱਗਾ, ਗੋਡਿਆਂ ਤੇ ਸਿਰ ਧਰ ਕੇ।

ਜਦੋਂ ਵਜ਼ੀਰ ਵੇਖਿਆ ਹੋਇਆ, ਰਾਜੇ ਦਾ ਰੰਗ ਬੱਗਾ,
ਨੰਗੀ ਕਰ ਤਲਵਾਰ, ਜੋਤਸ਼ੀ ਨੂੰ ਉਹ ਪੁੱਛਣ ਲੱਗਾ।

ਆਖਣ ਲੱਗਾ ਦੱਸ ਜੋਤਸ਼ੀ, ਤੂੰ ਕਿੱਦਣ ਹੈ ਮਰਨਾ,
ਟੇਵਾ ਲਾ ਕੇ ਦੱਸ ਜਰਾ ਤੂੰ, ਡੁੱਬਣਾ ਹੈ ਕਿ ਤਰਨਾ।

ਨੰਗੀ ਤੱਕ ਤਲਵਾਰ ਜੋਤਸ਼ੀ, ਦੀ ਉੱਡ ਗਈ ਹਵਾਈ,
ਫ਼ਸਿਆ ਵਿੱਚ ਕੜਿਕੀ ਜਾਪੇ, ਸਮਝ ਨਾ ਆਵੇ ਕਾਈ।

ਜੇ ਆਖੇ ਮੈਂ ਮਰਾਂ ਦੇਰ ਨੂੰ, ਝੱਟ ਵਜ਼ੀਰ ਮੁਕਾਵੇ,
ਜੇ ਆਖੇ ਮੈਂ ਹੁਣੇ ਮਰਾਂਗਾ, ਪਕੜ ਜੇਲ੍ਹ ਵਿੱਚ ਪਾਵੇ।

ਅੱਗੇ ਖੂਹ ਤੇ ਪਿੱਛੇ ਖਾਈ, ਨਜ਼ਰ ਓਸ ਨੂੰ ਆਈ,
ਜੋਤਸ਼-ਜਾਤਸ਼ ਭੁੱਲ ਗਿਆ ਸਭ, ਅਕਲ ਟਿਕਾਣੇ ਆਈ।

ਹੱਥ ਜੋੜ ਕੇ ਆਖਣ ਲੱਗਾ, ਮਾਫ਼ ਕਰੋ ਤਕਸੀਰਾਂ,
ਬਦਲ ਨਾ ਸਕਦਾ ਕੋਈ ਲਿਖੀਆਂ, ਜੋ ਕਾਦਰ ਤਕਦੀਰਾਂ।

ਵਹਿਮ ਭਰਮ ਪਾ ਹੋਸ਼ ਗਵਾਵਾਂ, ਫੇਰ ਉਪਾਅ ਕਰਾਵਾਂ,
ਇੰਵ ਲੋਕਾਂ ਨੂੰ ਠੱਗ-ਠੱਗ ਰਾਜਨ, ਮੈਂ ਰੁਜ਼ਗਾਰ ਚਲਾਵਾਂ।

ਬਖਸ਼ ਦਿਓ ਇੱਕ ਵਾਰੀ ਮੈਨੂੰ, ਫੇਰ ਨਾ ਮਾਰਾਂ ਠੱਗੀ
ਬਾਤ ਵਜ਼ੀਰ ਸਾਹਿਬ ਦੀ ਬਣ ਕੇ, ਬਰਛੀ ਸੀਨੇ ਲੱਗੀ।

ਪਾਪੀ ਪੇਟ ਲਈ ਸੁਣ ਰਾਜਾ, ਮੈਂ ਪਿਆ ਪਾਪ ਕਮਾਵਾਂ,
ਬਖਸ਼ ਦਿਓ ਜੇ ਠੱਗੀ ਛੱਡ ਕੇ, ਕਾਰਜ ਹੋਰ ਚਲਾਵਾਂ।

ਰਾਜਾ ਉੱਠ ਕੇ ਝੱਟ ਬਹਿ ਗਿਆ, ਰੱਬ ਦਾ ਸ਼ੁਕਰ ਮਨਾਇਆ,
ਅਕਲ ਵਰਤ ਵਜ਼ੀਰ ਆਪਣਾ, ਦੂਣਾ ਮਾਣ ਵਧਾਇਆ।

ਬੱਚਿਓ ਤੁਸੀਂ ਕਦੇ ਠੱਗਾਂ ਦੇ, ਝਾਂਸੇ ਵਿੱਚ ਨਾ ਆਉਣਾ,
ਵਾਂਗ ਵਜ਼ੀਰ ਤਰਕ ਸੱਚ ਦੇ ਕੇ, ਮਾਤ ਇਹਨਾਂ ਨੂੰ ਪਾਉਣਾ।

ਕਹੇ ਬਾਜਵਾ ਲੋਕ ਜਗਾਓ, ਦੀਵਾ ਗਿਆਨ ਜਗਾ ਕੇ,
ਅੰਧ-ਵਿਸ਼ਵਾਸ ਫ਼ੈਲਾਵੇ ਜਿਹੜਾ, ਮਾਰੋ ਖ਼ੂਬ ਭਜਾ ਕੇ।

ਜੇਕਰ ਜਾਨਣ ਕਰਾਮਾਤ ਇਹ, ਘਰ ਬੈਠੇ ਸੁਖ ਪਾਵਣ,
ਕਿਸਮਤ ਬਦਲ ਸਕਣ ਜੇ ਖ਼ੁਦ, ਕਿਉਂ ਥਾਂ-ਥਾਂ ਧੱਕੇ ਖਾਵਣੇ।

0-0-0

ਕਹਾਣੀ



ਡਾ.ਹਰਸ਼ਿੰਦਰ ਕੌਰ
0175-2216783

# ਹਰਸ਼ ਮਾਸੀ ਤੇ ਡਾਕਟਰ ਪਦਮਾਵਤੀ

ਹਰਸ਼ ਮਾਸੀ ਨੇ ਰਾਤ ਦਾ ਖਾਣਾ ਮੇਜ਼ ਉੱਤੇ ਰੱਖਿਆ ਤਾਂ ਜੀਵ ਬੋਲ ਪਿਆ, ‘‘ਮਾਸੀ ਜੀ ਦਿਲ ਦਾ ਅਪਰੇਸ਼ਨ ਕਰਨਾ ਕਿੰਨਾ ਔਖਾ ਹੁੰਦਾ ਹੋਣਾ। ਡਾਕਟਰ ਦੇ ਸਾਹਮਣੇ ਮਰੀਜ਼ ਦਾ ਧੜਕਦਾ ਹੋਇਆ ਦਿਲ ਪਿਆ ਹੋਵੇ! ਹਾਏ ਰੱਬਾ ਕਿੰਨੀ ਡਰਾਵਣੀ ਗੱਲ ਜਾਪਦੀ ਐ! ਕੋਈ ਕੁੜੀ ਤਾਂ ਦਿਲ ਦਾ ਅਪਰੇਸ਼ਨ ਸੌਖਿਆਂ ਕਰ ਈ ਨਹੀਂ ਸਕਦੀ ਹੋਣੀ।’’

‘‘ਕਿਉਂ, ਕੁੜੀਆਂ ਕਮਜ਼ੋਰ ਥੋੜ੍ਹਾ ਹੁੰਦੀਐਂ! ਮੈਂ ਵੀ ਵੱਡੀ ਹੋ ਕੇ ਦਿਲ ਦਾ ਅਪਰੇਸ਼ਨ ਕਰੂੰਗੀ। ਕਿਉਂ ਮਾਸੀ ਜੀ’’ ਸੁੱਖੀ ਇੱਕਦਮ ਬੋਲ ਪਈ। ‘‘ਬਿਲਕੁਲ ਬੱਚੀਏ, ਕੁੜੀਆਂ ਕਮਜ਼ੋਰ ਨਹੀਂ ਹੁੰਦੀਆਂ। ਜੀਵੇਸ਼ ਬੇਟਾ ਤੂੰ ਸ਼ਾਇਦ ਪਦਮਾਵਤੀ ਬਾਰੇ ਸੁਣਿਆ ਨਹੀਂ’’ ਹਰਸ਼ ਮਾਸੀ ਬੋਲ ਪਈ।

‘‘ਵਾਹ ਜੀ ਵਾਹ! ਕਿਸ ਕਮਾਲ ਦੀ ਡਾਕਟਰਨੀ ਦਾ ਜ਼ਿਕਰ ਕਰ’ਤੈ’’ ਗੁਰਪਾਲ ਮਾਸੜ ਜੀ ਇੱਕਦਮ ਬੋਲੇ, ‘‘ਮੇਰਾ ਤਾਂ ਸਿਰ ਝੁਕਦੈ ਉਸ ਅੱਗੇ।’’ ਹੈਰੀ ਝੱਟ ਬੋਲ ਪਿਆ,‘‘ਉਸ ’ਚ ਕੀ ਖ਼ਾਸ ਗੱਲ ਸੀ?’’

‘‘ਉਹ ਤਾਂ ਬੇਟਾ ਸਾਰਿਆਂ ਲਈ ਇੱਕ ਮਿਸਾਲ ਸੀ। ਲੋਕ ਕੁੜੀਆਂ ਨੂੰ ਅੱਜ ਵੀ ਕਮਜ਼ੋਰ ਸਮਝਦੇ ਨੇ। ਪਰ ਕੁੜੀਆਂ ਕਿਸੇ ਖ਼ੇਤਰ ’ਚ ਪਿੱਛੇ ਨਹੀਂ’’ ਹਰਸ਼ ਮਾਸੀ ਨੇ ਸਮਝਾਇਆ।

‘‘ਇਹ ਡਾਕਟਰਨੀ ਕੌਣ ਸੀ’’ ਹਿੱਤੀ ਨੇ ਪੁੱਛਿਆ?

‘‘ਬੇਟਾ, ਸੰਨ 1917 ’ਚ ਇੱਕ ਕੁੜੀ ਗ਼ਰੀਬ ਘਰ ’ਚ ਜੰਮੀ। ਰੰਗੁਨ ਬਰਮਾ ’ਚ। ਉਹ ਤਾਮਿਲ ਟੱਬਰ ਸੀ। ਉਨ੍ਹਾਂ ਆਪਣੀ ਧੀ ਦਾ ਨਾਂ ਰੱਖਿਆ-ਸਿਵਾ ਰਾਮਾ ਕ੍ਰਿਸ਼ਨਾ ਆਈਅਰ ਪਦਮਾਵਤੀ’’ ਹਰਸ਼ ਮਾਸੀ ਨੇ ਦੱਸਿਆ।

‘‘ਆਏ, ਹਾਏ, ਵਿਚਾਰੀ’’ ਨਾਨੂ ਝੱਟ ਬੋਲਿਆ! ‘‘ਕਿਉਂ’’ ਗੁਰਪਾਲ ਮਾਸੜ ਜੀ ਨੇ ਪੁੱਛ ਲਿਆ? ‘‘ਐਨਾ ਲੰਮਾ ਨਾਂ ਤਾਂ ਮੈਂ ਵੀ ਨਹੀਂ ਬੋਲ ਸਕਦਾ। ਉਹ ਪਿੱਦੀ ਜਿਹੀ ਸਾਰੀ ਉਮਰ ਆਪਣਾ ਨਾਂ ਈ ਰਟਦੀ ਰਹੀ ਹੋਣੀ ਐ’’ ਨਾਨੂ ਨੇ ਭੋਲ਼ੇ ਮੂੰਹ ਨਾਲ਼ ਜਵਾਬ ਦਿੱਤਾ।

ਸਾਰੇ ਖਿੜ-ਖਿੜਾ ਕੇ ਹੱਸ ਪਏ। ‘‘ਉਹ ਡਾ.ਪਦਮਾਵਤੀ ਵਜੋਂ ਈ ਸਾਰੀ ਦੁਨੀਆ ’ਚ ਮਸ਼ਹੂਰ ਹੋਈ ਸੀ’’ ਹਰਸ਼ ਮਾਸੀ ਨੇ ਮੁਸਕੁਰਾਉਂਦੇ ਹੋਏ ਦੱਸਿਆ।

''ਵੱਡੀ ਗੱਲ ਇਹ ਐ ਕਿ ਉਦੋਂ ਕੁੜੀਆਂ ਨੂੰ ਲੋਕ ਪੜ੍ਹਾਉਂਦੇ ਈ ਨਈਂ ਸੀ।'' ਗੁਰਪਾਲ ਮਾਸੜ ਜੀ ਨੇ ਗੱਲ ਅੱਗੇ ਤੋਰੀ, ''ਪਰ ਪਦਮਾਵਤੀ ਨੇ ਸਖ਼ਤ ਮਿਹਨਤ ਕਰਕੇ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ। ਹਾਲੇ ਐੱਮ.ਬੀ.ਬੀ.ਐੱਸ. ਕੀਤੀ ਈ ਸੀ ਕਿ ਜਪਾਨੀਆਂ ਨੇ ਬਰਮਾ ਉੱਤੇ ਹਮਲਾ ਕਰ 'ਤਾ।''

''ਓ ਹੋ, ਫਿਰ ਤਾਂ ਬਹੁਤ ਸਾਰੇ ਲੋਕ ਮਰ ਗਏ ਹੋਣੇ ਨੇ। ਬਾਕੀਆਂ ਦਾ ਇਲਾਜ ਪਰਮਾਵੰਤ ਨੇ ਕੀਤਾ ਹੋਣੈ'' ਹੈਰੀ ਬੋਲ ਪਿਆ।

''ਪਰਮਾਵੰਤ ਨਈਂ ਪਦਮਾਵਤੀ'' ਹਰਸ਼ ਮਾਸੀ ਨੇ ਟੋਕਿਆ, ''ਉਦੋਂ ਪਦਮਾਵਤੀ ਨੂੰ ਉਸ ਦੇ ਮਾਪੇ ਵਾਪਸ ਪੁਰਾਣੇ ਘਰ ਕੋਇੰਬਾਟੋਰ ਲੈ ਗਏ। ਅੱਗੋਂ 1949 'ਚ ਪਦਮਾਵਤੀ ਲੰਡਨ ਚਲੀ ਗਈ ਤੇ ਉੱਥੇ ਐੱਫ਼.ਆਰ.ਸੀ.ਪੀ. ਡਿਗਰੀ ਕਰਨ ਲੱਗੀ। ਉਦੋਂ ਇਹੋ ਜਿਹੀ ਪੜ੍ਹਾਈ ਲਈ ਕਦੇ ਕੋਈ ਭਾਰਤੀ ਔਰਤ ਬਾਹਰਲ਼ੇ ਮੁਲਕ 'ਚ ਵੇਖੀ ਈ ਨਹੀਂ ਸੀ ਗਈ। ਏਸੇ ਲਈ ਉਹਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਗਈ। ਪਰ ਜਦੋਂ ਉਸ ਦੀ ਲਿਆਕਤ ਵੇਖੀ ਗਈ ਤਾਂ ਦੁਨੀਆ ਦੀ ਸਭ ਤੋਂ ਵੱਡੀ ਮੈਡੀਕਲ ਦੀ ਯੂਨੀਵਰਸਿਟੀ-ਜਾਨ ਹਾਪਕਿੰਜ਼ ਯੂਨੀਵਰਸਿਟੀ, ਅਮਰੀਕਾ 'ਚ ਦਾਖ਼ਲਾ ਦੇ ਦਿੱਤਾ ਗਿਆ।''

''ਵਾਹ ਜੀ ਵਾਹ, ਇਹ ਤਾਂ ਕਮਾਲ ਕਰ 'ਤਾ ਕ੍ਰਿਸ਼ਨਾਵਤੀ ਨੇ'' ਅਵੀ ਬੋਲ ਪਿਆ। ਸੁਖਮਨੀ ਖਿੜ੍-ਖਿੜ੍ਹਾ ਕੇ ਹੱਸੀ ਤੇ ਬੋਲੀ, ''ਲਓ ਜੀ ਨਾਂ ਦੀ ਖਿਚੜੀ ਕਰ 'ਤੀ। ਨਾਂ ਸੀ ਡਾ.ਪਦਮਾਵਤੀ, ਅਵੀ ਨੇ ਕ੍ਰਿਸ਼ਨਾਵਤੀ ਬਣਾ 'ਤੀ।''

''ਸਿਵਾ ਰਾਮਾ ਕ੍ਰਿਸ਼ਨਾ ਆਈਅਰ ਪਦਮਾਵਤੀ'' ਗੁਰਪਾਲ ਮਾਸੜ ਜੀ ਬੋਲੇ, ''ਜਿੰਨਾ ਲੰਮਾ ਨਾਂ, ਓਨੀਆਂ ਈ ਵੱਡੀਆਂ ਪ੍ਰਾਪਤੀਆਂ ਸਨ ਉਸ ਦੀਆਂ। ਪਹਿਲਾਂ ਰੰਗੂਨ 'ਚੋਂ ਐੱਮ.ਬੀ.ਬੀ.ਐੱਸ. ਫਿਰ ਲੰਡਨ 'ਚੋਂ ਐੱਫ਼.ਆਰ.ਸੀ.ਪੀ. ਫਿਰ ਦੁਨੀਆ ਦੇ ਚੋਟੀ ਦੇ ਡਾਕਟਰ ਹੈਲਨ ਟੌਸਿਗ ਦੀ ਨਿਗਰਾਨੀ ਹੇਠ ਜੌਨ ਹਾਪਕਿਨ ਯੂਨੀਵਰਸਿਟੀ 'ਚ ਟ੍ਰੇਨਿੰਗ। ਹਾਲੇ ਏਥੇ ਬਸ ਨਹੀਂ। ਅੱਗੋਂ ਦਿਲ ਦੇ ਰੋਗਾਂ ਦੇ ਬਾਪ ਵਜੋਂ ਜਾਣੇ ਜਾਂਦੇ ਚੋਟੀ ਦੇ ਡਾਕਟਰ-ਪੌਲ ਡੁਡਲੇ ਵਾਈਟ ਦੀ ਦੇਖ-ਰੇਖ ਹੇਠ ਹਾਵਰਡ ਯੂਨੀਵਰਸਿਟੀ ਅਮਰੀਕਾ 'ਚ ਅਗਲੇਰੀ ਸਿੱਖਿਆ ਪ੍ਰਾਪਤ ਕੀਤੀ।''

''ਮਾਸੜ ਜੀ, ਇਨ੍ਹਾਂ 'ਚੋਂ ਕੋਈ ਜਣਾ ਵੀ ਆਪਣਾ ਸੌਖਾ ਨਾਂ ਨਈਂ ਸੀ ਰੱਖ ਸਕਦਾ? ਏਨੇ ਔਖੇ ਨਾਂ ਕਿਵੇਂ ਯਾਦ ਕੀਤੇ ਜਾ ਸਕਦੇ ਨੇ। ਮੈਨੂੰ ਹਾਲੇ ਤਕ ਡਾ.ਪਦਮਾਵਤੀ ਦਾ ਪੂਰਾ ਨਾਂ ਵੀ ਯਾਦ ਨਈਂ ਹੋ ਰਿਆ'' ਸੁੱਖੀ ਬੋਲ ਪਈ।

ਹਰਸ਼ ਮਾਸੀ ਨੇ ਸਮਝਾਇਆ, ''ਬੱਚੀਏ, ਕਈ ਲੋਕ ਆਪਣੇ ਪਿਤਾ ਦਾ ਨਾਂ ਜਾਂ ਦਾਦਾ ਜੀ ਦਾ ਨਾਂ ਜਾਂ ਪਿੰਡ ਦਾ ਨਾਂ ਵੀ ਇੱਕੋ ਨਾਂ 'ਚ ਸ਼ਾਮਲ ਕਰ ਲੈਂਦੇ ਨੇ। ਖ਼ੈਰ ਤੁਸੀਂ ਅੱਗੋਂ ਸੁਣੋ ਕੀ ਹੋਇਆ।''

''ਹੋਣਾ ਕੀ ਐ ਚੋਟੀ ਦੀ ਡਾਕਟਰ ਬਣ ਕੇ ਅਮਰੀਕਾ 'ਚ ਆਪਣਾ ਨਾਂ ਬਣਾ ਲਿਆ। ਹਜ਼ਾਰਾਂ ਬੰਦੇ ਬਚਾ ਲਏ ਤੇ ਫੇਰ ਢੇਰ ਸਾਰੇ ਇਨਾਮ ਮਿਲ ਗਏ'' ਜੀਵ ਬੋਲ ਪਿਆ।

''ਇਹੋ ਤਾਂ ਫ਼ਰਕ ਐ'' ਗੁਰਪਾਲ ਮਾਸੜ ਜੀ ਨੇ ਟੋਕਿਆ।

''ਕੀ ਇੰਗਲੈਂਡ 'ਚ ਡਾਕਟਰੀ ਕੀਤੀ ਤੇ ਉੱਥੋਂ ਦੇ ਲੋਕਾਂ ਦਾ ਇਲਾਜ ਕੀਤਾ'' ਸੁੱਖੀ ਨੇ ਪੁੱਛਿਆ?

''ਨਈਂ ਇਹ ਵੀ ਨਈਂ। ਇਹੀ ਤਾਂ ਫ਼ਰਕ ਐ ਬਾਕੀਆਂ ਤੇ ਪਦਮਾਵਤੀ 'ਚ'' ਹਰਸ਼ ਮਾਸੀ ਨੇ ਕਹਾਣੀ ਅੱਗੇ ਤੋਰੀ, ''ਪਦਮਾਵਤੀ ਨੇ ਫ਼ੈਸਲਾ ਕਰ ਲਿਆ ਕਿ ਉਸ ਨੇ ਵਾਪਸ ਭਾਰਤ ਪਰਤ ਕੇ ਉੱਥੋਂ ਦੇ ਗ਼ਰੀਬ ਲੋਕਾਂ ਦਾ ਇਲਾਜ ਕਰਨਾ ਤੇ ਉੱਥੋਂ ਦੇ ਡਾਕਟਰਾਂ ਨੂੰ ਏਨੀ ਵਧੀਆ ਟ੍ਰੇਨਿੰਗ ਦੇਣੀ ਐ ਕਿ ਡਾਕਟਰ ਇੰਗਲੈਂਡ ਜਾਂ ਅਮਰੀਕਾ ਭੁੱਲ ਕੇ ਏਥੇ ਈ ਪੜ੍ਹ ਕੇ ਸੇਵਾ ਕਰਨ। ਉਸ ਨੇ ਭਾਰਤੀ ਲੜਕੀਆਂ ਨੂੰ ਵੀ ਹੱਲਾਸ਼ੇਰੀ ਦਿੱਤੀ ਕਿ ਉਹ ਉਚੇਰੀ ਪੜ੍ਹਾਈ ਵੱਲ ਧਿਆਨ ਦੇਣ।''

''ਅੱਗੋਂ ਫਿਰ ਉਨ੍ਹਾਂ ਨੇ ਕਿੰਨੇ ਅਪਰੇਸ਼ਨ

ਕੀਤੇ'' ਸੁੱਖੀ ਨੇ ਕਾਹਲੀ 'ਚ ਪੁੱਛਿਆ?

''ਬੱਚੀਏ, ਸੰਨ 1953 'ਚ ਉਨ੍ਹਾਂ ਨੇ ਦਿੱਲੀ 'ਚ ਲੇਡੀ ਹਾਰਡਿੰਗ ਮੈਡੀਕਲ ਕਾਲਜ 'ਚ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਪਹਿਲੀ ਕੈਥ ਲੈਬ ਭਾਰਤ 'ਚ ਸ਼ੁਰੂ ਕੀਤੀ ਜਿਸ ਬਾਰੇ ਉਸ ਤੋਂ ਪਹਿਲਾਂ ਭਾਰਤ 'ਚ ਕਿਸੇ ਨੂੰ ਨਹੀਂ ਸੀ ਪਤਾ'' ਗੁਰਪਾਲ ਮਾਸੜ ਜੀ ਨੇ ਦੱਸਿਆ।

''ਕੈਥ ਲੈਬ ਖਿਡੌਣਿਆਂ ਦੀ ਦੁਕਾਨ ਹੁੰਦੀ ਐ'' ਨਾਨੂ ਨੇ ਭੋਲ਼ਾ ਜਿਹਾ ਮੂੰਹ ਬਣਾ ਕੇ ਪੁੱਛਿਆ?

''ਖਿਡੌਣਿਆਂ ਦੀ ਨਈਂ, ਦਿਲ ਦੇ ਟੈਸਟ ਕਰਨ ਦੀ ਲੈਬਾਰਟਰੀ ਹੁੰਦੀ ਐ'' ਗੁਰਪਾਲ ਮਾਸੜ ਜੀ ਨੇ ਹੱਸਦੇ ਹੋਏ ਕਿਹਾ, ''ਮੈਂ ਵੀ ਉਸੇ ਲੈਬ ਵਿੱਚ ਕੰਮ ਕੀਤਾ ਹੋਇਆ।''

''ਤੁਸੀਂ ਏਨੀ ਵੱਡੀ ਡਾਕਟਰ ਨੂੰ ਮਿਲੇ ਹੋਏ ਓ'' ਜੀਵ ਨੇ ਹੈਰਾਨ ਹੋ ਕੇ ਪੁੱਛਿਆ?

''ਬਿਲਕੁਲ ਮਿਲਿਆਂ ਤੇ ਨਾਲ਼ੇ ਉਨ੍ਹਾਂ ਤੋਂ ਕੰਮ ਵੀ ਸਿੱਖਿਆ।'' ਗੁਰਪਾਲ ਮਾਸੜ ਜੀ ਨੇ ਦੱਸਿਆ, ''ਉਹ ਬਹੁਤ ਨੇਕ, ਲਾਇਕ ਤੇ ਨਰਮ ਦਿਲ ਡਾਕਟਰ ਸੀ। ਜਦੋਂ ਮੈਂ ਜੰਮਿਆ ਵੀ ਨਈਂ ਸੀ, ਯਾਨੀ ਸੰਨ 1962 'ਚ ਤਾਂ ਪਦਮਾਵਤੀ ਨੇ ਗ਼ਰੀਬਾਂ ਦੇ ਦਿਲ ਦੇ ਰੋਗਾਂ ਦੇ ਮੁਫ਼ਤ ਇਲਾਜ ਲਈ ਆਲ ਇੰਡੀਆ ਹਾਰਟ ਫਾਊਂਡੇਸ਼ਨ ਭਾਰਤ 'ਚ ਸ਼ੁਰੂ ਕਰ 'ਤੀ ਸੀ। ਏਨੀ ਸੇਵਾ ਕਰਨ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਨੇ ਉਦੋਂ ਪਦਮਾਵਤੀ ਜੀ ਨੂੰ ਪਦਮ ਭੂਸ਼ਨ ਸਨਮਾਨ ਨਾਲ਼ ਨਿਵਾਜਿਆ ਸੀ।''

''ਪਦਨ ਭੂਸਾ ਕੀ ਹੁੰਦੈ'' ਨਾਨੂ ਬੋਲ ਪਿਆ, ''ਮੈਂ ਵੀ ਉਹ ਗੇਮ ਲੈਣੀ ਐ।''

ਹਰਸ਼ ਮਾਸੀ ਹੱਸਦੇ ਹੋਏ ਬੋਲੀ, ''ਤੁਸੀਂ ਵੀ ਏਨਾ ਕੁਝ ਇੱਕਦਮ ਦੱਸ ਦਿੱਤਾ। ਵਿਚਾਰਾ ਨਿੱਕਾ ਨਾਨੂ ਕੀ ਸਮਝੇ ਕੀ ਮਿਲਿਆ। ਨਾਨੂ ਪੁੱਤਰ ਉਸ ਨੂੰ ਇਨਾਮ ਮਿਲਿਆ ਸੀ। ਇਹ ਇਨਾਮ ਬਹੁਤ ਵੱਡੇ ਕੰਮ ਕਰਨ ਵਾਲਿਆਂ ਨੂੰ ਮਿਲਦੈ। ਇਹ ਗ਼ੇਮ ਨਈਂ ਐ। ਤੂੰ ਵੀ ਚੰਗੇ ਕੰਮ ਕਰੀਂ ਤੇ ਹੋਰਨਾਂ ਦੀ ਸੇਵਾ ਕਰੀਂ, ਤੈਨੂੰ ਵੀ ਮਿਲਜੂ। ਪਦਨ ਭੂਸਾ ਨਈਂ ਪਦਮ ਭੂਸ਼ਨ ਇਨਾਮ ਐ।''

''ਮੈਂ ਤਾਂ ਕਿੰਨੀ ਵਾਰ ਪਾਣੀ ਲਿਆ ਕੇ ਪਿਆ 'ਤਾ। ਮੈਨੂੰ ਕਦੋਂ ਇਹ ਇਨਾਮ ਮਿਲੂ'' ਅਵੀ ਚੀਕਿਆ।

''ਏਸੇ ਲਈ ਤੁਹਾਡੀ ਮਾਸੀ ਤੁਹਾਨੂੰ ਕਹਾਣੀ ਸੁਣਾ ਰਹੀ ਐ ਕਿ ਤੁਹਾਨੂੰ ਪਤਾ ਹੋਵੇ ਏਨਾ ਵੱਡਾ ਇਨਾਮ ਕਿਵੇਂ ਮਿਲਦਾ। ਫਿਰ ਉਸ ਨੂੰ ਸੰਨ 1992 'ਚ ਹੋਰ ਵੱਡਾ ਇਨਾਮ ਮਿਲਿਆ-ਪਦਮ ਵਿਭੂਸ਼ਨ। ਨੱਬੇ ਵਰ੍ਹਿਆਂ ਦੀ ਉਮਰ 'ਚ ਸੰਨ 2007 'ਚ ਉਸ ਨੂੰ ਫ਼ੈਲੋ



ਆਫ਼ ਯੂਰੋਪੀਅਨ ਸੋਸਾਇਟੀ ਆਫ਼ ਕਾਰਡੀਓਲੋਜੀ ਬਣਾ 'ਤਾ ਗਿਆ। ਪਤਾ ਜੇ, 95 ਵਰ੍ਹਿਆਂ ਦੀ ਉਮਰ ਤੱਕ ਉਹ ਹਫ਼ਤੇ ਦੇ 5 ਦਿਨ ਰੋਜ਼ 12 ਘੰਟੇ ਗ਼ਰੀਬਾਂ ਦੀ ਸੇਵਾ 'ਚ ਜੁਟੀ ਰਹੀ ਤੇ ਅਣਗਿਣਤ ਗ਼ਰੀਬਾਂ ਨੂੰ ਨਵੀਂ ਜ਼ਿੰਦਗੀ ਦੇ 'ਤੀ'' ਗੁਰਪਾਲ ਮਾਸਤ਼ ਜੀ ਨੇ ਦੱਸਿਆ।

''ਮੈਂ ਤਾਂ ਹਾਲੇ ਬਹੁਤ ਛੋਟਾਂ। ਮੈਂ ਵੀ ਏਨੇ ਜ਼ਿਆਦਾ ਸਾਲਾਂ ਦਾ ਹੋ ਕੇ ਕੰਮ ਕਰਾਂਗਾ। ਹਾਲੇ ਮੇਰੇ ਹੱਥ ਵੀ ਛੋਟੇ ਨੇ'' ਨਾਨੂ ਬੋਲ ਪਿਆ।

ਸੁੱਖੀ ਵੀ ਕਹਿਣ ਲੱਗੀ, ''ਮੈਂ ਵੀ ਡਾਕਟਰ



ਬਣ ਕੇ ਸਾਰਿਆਂ ਦੀ ਸੇਵਾ ਕਰਾਂਗੀ।''

ਹਰਸ਼ ਮਾਸੀ ਬੋਲੀ, ''ਜ਼ਰੂਰ ਬੱਚਿਓ, ਪੜ੍ਹ ਲਿਖ ਕੇ ਵੱਡੇ ਬਣ ਕੇ ਤੁਸੀਂ ਆਪੋ ਆਪਣੇ ਖ਼ੇਤਰ 'ਚ ਸੇਵਾ ਕਰਿਓ। ਤੁਹਾਨੂੰ ਪਤਾ ਪਦਮਾਵਤੀ ਦੀ ਭੈਣ ਜਾਨਕੀ ਵੀ ਡਾਕਟਰ ਸੀ। ਦਿਮਾਗ਼ ਦੀ ਡਾਕਟਰ। ਦੋਵਾਂ ਭੈਣਾਂ ਨੇ ਜਾਨਕੀ-ਪਦਮਾਵਤੀ ਟਰੱਸਟ ਬਣਾ ਕੇ ਗ਼ਰੀਬਾਂ ਦੇ ਅਨੇਕ ਮੁਫ਼ਤ ਅਪਰੇਸ਼ਨ ਕੀਤੇ।''

''ਮੈਂ ਵੀ ਉਨ੍ਹਾਂ ਨੂੰ ਮਿਲਣਾ। ਮਾਸਤ਼ ਜੀ ਮੈਨੂੰ ਵੀ ਨਾਲ਼ ਲੈ ਕੇ ਚੱਲੋ ਉਨ੍ਹਾਂ ਕੋਲ਼'' ਜੀਵ ਤੇ ਹਿੱਤੀ ਇਕੱਠੇ ਬੋਲ ਪਏ। ''ਜਦੋਂ ਮਿਲਣ ਜਾਓ, ਉਦੋਂ ਉਹ ਪੜ੍ਹਾਉਣ ਤਾਂ ਨਈਂ ਲੱਗ ਪੈਂਦੇ'' ਹੈਰੀ ਨੇ ਝੱਟ ਫ਼ਿਕਰ ਜ਼ਾਹਿਰ ਕੀਤਾ।

''ਤੂੰ ਤਾਂ ਯਾਰ ਹਮੇਸ਼ਾ ਪੜ੍ਹਨ ਤੋਂ ਭੱਜਿਆ ਕਰ'' ਜੀਵ ਨੇ ਟਿੱਚਰ ਕੀਤੀ।

ਹਰਸ਼ ਮਾਸੀ ਨੇ ਗੱਲ ਅਣਸੁਣੀ ਕਰ ਕੇ ਕਿਹਾ, ''ਬੱਚਿਓ ਹੁਣ ਤਾਂ ਤੁਸੀਂ ਉਨ੍ਹਾਂ ਨੂੰ ਮਿਲ ਨਹੀਂ ਸਕਣਾ। ਸਿਰਫ਼ ਯਾਦ ਕਰ ਸਕਦੇ ਓ।''

''ਕਿਉਂ ਮਾਸੀ ਜੀ'' ਸੁੱਖੀ ਨੇ ਪੁੱਛਿਆ?

''ਬੱਲਿਆ, 103 ਸਾਲ ਦੀ ਉਮਰ 'ਤੇ ਸੰਨ 2020 'ਚ ਉਨ੍ਹਾਂ ਦੀ ਕੋਰੋਨਾ ਬੀਮਾਰੀ ਨਾਲ਼ ਮੌਤ ਹੋ ਗਈ'' ਹਰਸ਼ ਮਾਸੀ ਨੇ ਦੱਸਿਆ, ''ਪਰ ਉਹ ਹਮੇਸ਼ਾ ਲਈ ਲੋਕਾਂ ਦੇ ਮਨਾਂ 'ਚ ਅਮਰ ਹੋ ਚੁੱਕੇ ਨੇ। ਤੁਸੀਂ ਵੀ ਬੱਚਿਓ ਪੜ੍ਹ ਲਿਖ ਕੇ ਆਪਣੇ ਗਿਆਨ ਨਾਲ਼ ਲੋੜਵੰਦਾਂ ਦੀ ਮਦਦ ਕਰੋਗੇ ਤਾਂ ਲੋਕ ਤੁਹਾਡਾ ਹਮੇਸ਼ਾ ਸਤਿਕਾਰ ਕਰਨਗੇ। ਚਲੋ ਹੁਣ ਦੌੜੋ ਆਪੋ-ਆਪਣੇ ਕਮਰੇ 'ਚ ਤੇ ਪੜ੍ਹੋ। ਹੈਰੀ ਪੁੱਤਰ ਜ਼ਰਾ ਡਾ. ਪਦਮਾਵਤੀ ਜੀ ਦਾ ਪੂਰਾ ਨਾਂ ਤਾਂ ਦੱਸ!''

ਹੈਰੀ ਨੇ ਘਬਰਾ ਕੇ ਕਿਹਾ, ''ਰਾਮ ਕ੍ਰਿਸ਼ਨ...'' ਸੁੱਖੀ ਤੇ ਜੀਵ ਝੱਟ ਬੋਲ ਪਏ, ''ਸਿਵਾ ਰਾਮਾ ਕ੍ਰਿਸ਼ਨਾ ਆਈਅਰ ਪਦਮਾਵਤੀ।''

''ਸ਼ਾਬਾਸ਼! ਚਲੋ ਕੱਲ੍ਹ ਫੇਰ ਇੱਕ ਹੋਰ ਕਹਾਣੀ ਸੁਣਾਵਾਂਗੀ'' ਹਰਸ਼ ਮਾਸੀ ਨੇ ਉੱਠਦੇ ਹੋਏ ਕਿਹਾ।

ਗੁਰਪਾਲ ਮਾਸਤ਼ ਜੀ ਨੇ ਸਾਰਿਆਂ ਨੂੰ ਆਵਾਜ਼ ਮਾਰ ਕੇ ਕਿਹਾ, ''ਇਹ ਵੀ ਚੇਤੇ ਰੱਖਿਓ ਕਿ ਡਾ. ਪਦਮਾਵਤੀ ਦੀ ਦਿਲ ਦੇ ਰੋਗਾਂ ਉੱਤੇ ਲਿਖੀ ਅੰਗਰੇਜ਼ੀ ਦੀ ਕਿਤਾਬ ਦਾ ਪੰਜਾਬੀ 'ਚ ਤਰਜਮਾ ਤੁਹਾਡੀ ਹਰਸ਼ ਮਾਸੀ ਨੇ 'ਦਿਲ ਦੇ ਰੋਗ ਅਤੇ ਆਮ ਆਦਮੀ' ਰਾਹੀਂ ਕੀਤਾ। ਉਹ ਕਿਤਾਬ ਵੀ ਪੜ੍ਹਿਓ ਤੇ ਆਪਣੇ ਦੋਸਤਾਂ ਨੂੰ ਵੀ ਪੜ੍ਹਾਇਓ ਤਾਂ ਜੋ ਉਹ ਵੀ ਤੰਦਰੁਸਤ ਰਹਿ ਸਕਣ।''

ਮਾ.ਪ੍ਰਮੋਦ ਧੀਰ ਜੈਤੋ
98550-31081






# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ’ਤੇ ਇੱਕ ਝਾਤ

7 ਅਗਸਤ 1972 ਨੂੰ ਫ਼ਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ ਸੀ ਅਤੇ ਇਸਨੂੰ ਬਣੇ ਹੋਏ ਅੱਜ 50 ਸਾਲ ਹੋ ਗਏ ਹਨ, ਇਸ ਲਈ ਅੱਜ ਅਸੀਂ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ ਵਰ੍ਹੇਗੰਢ ਬਣਾ ਰਹੇ ਹਾਂ । ਇਹ ਜ਼ਿਲ੍ਹਾ ਪਹਿਲਾਂ ਬਹੁਤ ਵੱਡਾ ਸੀ, ਪਰ ਨਵੰਬਰ 1995 ਵਿੱਚ ਫ਼ਰੀਦਕੋਟ ਜ਼ਿਲ੍ਹੇ ਵਿੱਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ, ਜਿਸ ਕਾਰਨ ਫ਼ਰੀਦਕੋਟ ਜ਼ਿਲ੍ਹੇ ਦਾ ਖ਼ੇਤਰ ਕਾਫ਼ੀ ਘਟ ਗਿਆ। ਇਸਦਾ ਕੁੱਲ ਖ਼ੇਤਰਫ਼ਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲ੍ਹੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫ਼ਰੀਦਕੋਟ, ਕੋਟਕਪੂਰਾ ਅਤੇ ਜੈਤੋ ਹਨ। ਫ਼ਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖ਼ੇਤਰ ਪੱਖੋਂ ਫ਼ਰੀਦਕੋਟ ਹੁਣ ਕਾਫ਼ੀ ਤਰੱਕੀ ਕਰ ਚੁੱਕਾ ਹੈ। ਆਓ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ਼ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ਼ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ ’ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ ’ਤੇ ਕਬਜਾ ਰਿਹਾ। ਦੁਨੀਆ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲ਼ੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲ਼ੇ ਕੰਢੇ ’ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ

ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ 'ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ।

ਮਹਾਰਾਜਾ ਬਿਕਰਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖ਼ਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ਼ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖ਼ੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ।

ਬਰਾੜ ਵੰਸ਼ ਦੇ ਆਖ਼ਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉੱਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਾਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖ਼ੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ





ਰਾਜ ਮਹਿਲ

ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆ ਵਿੱਚ ਖ਼ੂਬ ਪ੍ਰਸਿੱਧੀ ਦਿਵਾਈ।

ਹਾਲਾਂਕਿ ਸਮਾਂ ਬੀਤਣ ਨਾਲ਼ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖ਼ਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖ਼ੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾਂ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲ਼ੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ਼ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ।

ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖ਼ਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖ਼ਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲ੍ਹਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ ਜੋ ਸ਼ਾਇਦ ਆਉਣ ਵਾਲ਼ੇ ਸਮੇਂ ਵਿੱਚ ਸ਼ੁਰੂ ਹੋ ਸਕਦੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆ ਦੇ ਖ਼ੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਪਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ।

ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ.ਸੁਭਾਸ਼ ਪਰਿਹਾਰ ਨੇ ''ਰਿਆਸਤ ਫ਼ਰੀਦਕੋਟ'' ਇਤਿਹਾਸ ਅਤੇ ਇਤਿਹਾਸਕ ਇਮਾਰਤਾਂ ਬਾਰੇ ਕਿਤਾਬ ਲਿਖੀ ਹੈ ਜੋ ਕਿ ਸਾਲ 2018 ਵਿੱਚ ਪੀਪਲਜ਼ ਫੋਰਮ ਬਰਗਾੜੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ , ਪੀਪਲਜ਼ ਫੋਰਮ


ਬਰਜਿੰਦਰਾ ਕਾਲਜ

ਤੋਂ ਇਹ ਕਿਤਾਬ ਵੀ.ਪੀ.ਪੀ. ਰਾਹੀਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਨਾਲ਼ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜ਼ੇ ਦੁਨੀਆ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇੱਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ। ਇਸ ਸਾਲ ਵੀ 19 ਤੋਂ 23 ਸਤੰਬਰ 2023 ਨੂੰ ਬਾਬਾ ਫ਼ਰੀਦ ਆਗਮਨ ਪੁਰਬ ਧੂਮ ਧਾਮ ਨਾਲ਼ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਪ੍ਰਸਾਸ਼ਨ ਵੱਲੋਂ ਜੋਰਾਂ ਸ਼ੋਰਾਂ ਨਾਲ਼ ਸ਼ੁਰੂ ਹਨ।



**ਵਿਰਾਸਤੀ ਰੁੱਖਾਂ ਦੀ ਬਲੀ**: ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖ਼ਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂ ਵਾਲ਼ੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜ਼ੁਬਾਨੀ**: ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲ਼ੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ਼ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ , ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ**: ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖ਼ਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ। ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲ਼ੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲ੍ਹਾ ਫ਼ਰੀਦਕੋਟ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ।

ਮਾਸਟਰ ਸੰਜੀਵ ਧਰਮਾਣੀ
94785-61356



# ਸਾਡਾ ਜੀਵਨ...

ਮਨੁੱਖੀ ਜੀਵਨ ਵਿੱਚ ਅਨੇਕਾਂ ਪਹਿਲੂ ਆਉਂਦੇ-ਜਾਂਦੇ ਰਹਿੰਦੇ ਹਨ। ਕਦੇ ਉਤਰਾਅ ਕਦੇ ਚੜ੍ਹਾਅ, ਬੱਸ ਇਹੋ ਹੈ ਜ਼ਿੰਦਗੀ, ਪਰ ਮਨੁੱਖ ਨੂੰ ਆਪਣੇ ਜੀਵਨ ਵਿੱਚ ਕਦੇ ਵੀ ਨਿਰਾਸ਼ਾ ਅਤੇ ਚਿੰਤਾ ਨੂੰ ਹਾਵੀ ਨਹੀਂ ਹੋਣ ਦੇਣਾ ਚਾਹੀਦਾ; ਕਿਉਂਕਿ ਨਿਰਾਸ਼ਾ ਅਤੇ ਚਿੰਤਾ ਦੋ ਅਜਿਹੀਆਂ ਨਕਾਰਾਤਮਕ ਸ਼ਕਤੀਆਂ ਹਨ, ਜੋ ਸਾਡੇ ਜੀਵਨ ਨੂੰ ਸੋਚ-ਵਿਹੂਣਾ ਕਰਕੇ ਉਸ ਨੂੰ ਦਿਸ਼ਾਹੀਣ ਕਰ ਦਿੰਦੀਆਂ ਹਨ ਅਤੇ ਸਾਡੀ ਸਕਾਰਾਤਮਕਤਾ ਅਤੇ ਰਚਨਾਤਮਕਤਾ ਨੂੰ ਜੜ੍ਹੋਂ ਖ਼ਤਮ ਕਰਨ ਦਾ ਕੰਮ ਕਰਦੀਆਂ ਹਨ। ਨਿਰਾਸ਼ਾ ਵਿਅਕਤੀ ਨੂੰ ਘੋਰ ਦੁੱਖਾਂ, ਪਛਤਾਵੇ ਅਤੇ ਹਾਨੀ ਵੱਲ ਲੈ ਕੇ ਜਾਂਦੀ ਹੈ। ਇੱਕ ਨਿਰਾਸ਼ ਹੋਇਆ ਵਿਅਕਤੀ ਬਿਨਾਂ ਉਤਸ਼ਾਹ ਤੋਂ ਕੇਵਲ ਇੱਕ ਬੁੱਤ ਬਣ ਕੇ ਆਪਣਾ ਜੀਵਨ ਬਸਰ ਕਰਨ ਜੋਗਾ ਰਹਿ ਜਾਂਦਾ ਹੈ। ਉਹ ਇੱਕ ਜਿਉਂਦੀ ਲਾਸ਼ ਵਾਂਗ ਹੀ ਹੁੰਦਾ ਹੈ।

ਨਿਰਾਸ਼ਾ ਇੰਨੀ ਖ਼ਤਰਨਾਕ ਅਤੇ ਦਿਮਾਗ਼ੀ ਤੇ ਮਾਨਸਿਕ ਤੌਰ ’ਤੇ ਬੁਰਾ ਪ੍ਰਭਾਵ ਪਾਉਣ ਵਾਲ਼ੀ ਨਕਾਰਾਤਮਕਤਾ ਸੋਚ ਹੈ, ਜੋ ਕਿ ਮਨੁੱਖ ਜ਼ਿੰਦਗੀ ਵਿੱਚ ਅੱਗੇ ਵਧਣ, ਤਰੱਕੀ ਕਰਨ, ਆਪਣੇ ਪਰਿਵਾਰ ਲਈ ਸੋਚਣ ਜਾਂ ਕੁਝ ਕਰ ਗੁਜ਼ਰਨ ਦਾ ਹੌਸਲਾ ਗੁਆ ਬੈਠਦੀ ਹੈ। ਦੂਸਰੇ ਪਾਸੇ ਚਿੰਤਾ ਵੀ ਜ਼ਿੰਦਗੀ ’ਤੇ ਆਪਣਾ ਬਹੁਤ ਮਾੜਾ ਅਸਰ ਪਾਉਂਦੀ ਹੈ। ਸਿਆਣਿਆਂ ਨੇ ਤਾਂ ਚਿੰਤਾ ਨੂੰ ਚਿਤਾ ਦੇ ਬਰਾਬਰ ਆਖਿਆ ਹੈ । ਕਈ ਵਿਦਵਾਨ ਆਖਦੇ ਹਨ ਚਿਤਾ ਇੱਕ ਵਾਰ ਜਲਾਉਂਦੀ ਹੈ, ਪਰ ਚਿੰਤਾ ਬੰਦੇ ਨੂੰ ਹਰ ਪਲ, ਪਲ-ਪਲ ਦੁੱਖ ਤਕਲੀਫ਼ ਦਿੰਦੀ ਹੈ, ਉਸਨੂੰ ਪ੍ਰੇਸ਼ਾਨ ਕਰਦੀ ਹੈ, ਉਹ ਆਪਣਾ ਆਪਾ ਖੋਅ ਬੈਠਦਾ ਹੈ, ਉਸ ਵਿੱਚੋਂ ਸਕਾਰਾਤਮਕਤਾ ਖ਼ੰਭ ਲਾ ਕੇ ਉੱਡ ਜਾਂਦੀ ਹੈ ਤੇ ਉਹ ਆਪਣੇ ਆਪ ਨੂੰ ਅਸਹਾਈ ਮਹਿਸੂਸ ਕਰਨ ਲੱਗ ਪੈਂਦਾ ਹੈ।

ਇਸ ਲਈ ਸਾਨੂੰ ਜੀਵਨ ਵਿੱਚ ਨਿਰਾਸ਼ਾ ਅਤੇ ਚਿੰਤਾ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਤਾਂ ਜੋ ਉਸਾਰੂ ਤੇ ਸੁਚਾਰੂ ਜੀਵਨ, ਸੁੱਖ ਸਕੂਨ ਭਰਿਆ ਜੀਵਨ ਤੇ ਸਾਦਗ਼ੀ ਖ਼ੁਸ਼ੀਆਂ-ਖੇੜ੍ਹਿਆਂ ਭਰਿਆ ਜੀਵਨ ਜੀਵਿਆ ਜਾ ਸਕੇ। ਜੀਵਨ ਦੀਆਂ ਇਨ੍ਹਾਂ ਦੋਵੇਂ ਘੋਰ ਪ੍ਰੇਸ਼ਾਨੀਆਂ (ਚਿੰਤਾ ਅਤੇ ਨਿਰਾਸ਼ਾ) ਤੋਂ ਬਚਣ ਦੇ ਲਈ ਸਾਨੂੰ ਜ਼ਿੰਦਗੀ ਦਾ ਹਰ ਫ਼ੈਸਲਾ ਸੋਚ ਸਮਝ ਕੇ ਲੈਣਾ ਚਾਹੀਦਾ ਹੈ। ਸਾਨੂੰ ਪਰਾਏ ਤਨ ਅਤੇ ਪਰਾਏ ਧਨ ਦੀ ਪ੍ਰਾਪਤੀ ਦੀ ਲਾਲਸਾ ਦਾ ਤਿਆਗ ਕਰਨਾ ਚਾਹੀਦਾ ਹੈ। ਜ਼ਿੰਦਗੀ

ਵਿੱਚ ਕਦੇ ਵੀ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਹਿੰਮਤ ਹਾਰ ਕੇ ਨਹੀਂ ਬੈਠ ਜਾਣਾ ਚਾਹੀਦਾ। ਆਪਣੀਆਂ ਇੱਛਾਵਾਂ ਨੂੰ ਘਰ, ਪਰਿਵਾਰ ਤੇ ਜ਼ਿੰਦਗੀ ਵਿੱਚ ਹਾਵੀ ਹੋਣ ਤੋਂ ਰੋਕਣਾ ਚਾਹੀਦਾ ਹੈ। ਕੁਦਰਤ ਨਾਲ਼ ਜੁੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਕੁਦਰਤ ਨੂੰ ਸਮਝਣਾ ਅਤੇ ਉਸ ਦਾ ਆਨੰਦ ਮਾਣਨਾ ਚਾਹੀਦਾ ਹੈ।

ਆਪਣੀ ਮਨ ਪਸੰਦ ਦਾ ਸੰਗੀਤ ਜ਼ਰੂਰ ਸੁਣਨਾ ਚਾਹੀਦਾ ਹੈ। ਪਰਮਾਤਮਾ ਵਿੱਚ ਆਸਤਿਕਤਾ ਰੱਖਣੀ ਚਾਹੀਦੀ ਹੈ ਅਤੇ ਪਰਮਾਤਮਾ ਦਾ ਚਿੰਤਨ ਕਰਨਾ



ਚਾਹੀਦਾ ਹੈ। ਹਰੇਕ ਜੀਵ-ਜੰਤੂ ਨੂੰ ਪਿਆਰ ਕਰਨਾ ਚਾਹੀਦਾ ਹੈ। ਹਰ ਗੱਲ ਠੰਢੇ ਦਿਮਾਗ਼ ਨਾਲ਼ ਸੋਚਣੀ ਚਾਹੀਦੀ ਹੈ। ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਮੇਂ ਦਾ ਪਹੀਆ ਕਦੇ ਰੁਕਦਾ ਨਹੀਂ ਅਤੇ ਚੰਗੇ-ਮਾੜੇ ਦਿਨ ਸਦਾ ਇੱਕੋ ਜਿਹੇ ਨਹੀਂ ਰਹਿੰਦੇ । ਹਰ ਘੋਰ ਕਾਲ਼ੀ ਰਾਤ ਤੋਂ ਬਾਅਦ ਇੱਕ ਪ੍ਰਕਾਸ਼ਮਾਨ ਦਿਨ ਦਾ ਉਦੈ ਜ਼ਰੂਰ ਹੁੰਦਾ ਹੈ। ਸਾਨੂੰ ਜੀਵਨ ਵਿੱਚ ਸਾਦਗੀ, ਹਲੀਮੀ, ਨਿਮਰਤਾ ਤੇ ਪਿਆਰ ਭਰੇ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ। ਮਨੁੱਖ ਨੂੰ ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਲੋਕ ਦਿਖਾਵਾ ਵੀ ਨਿਰਾਸ਼ਾ ਅਤੇ ਚਿੰਤਾ ਨੂੰ ਜਨਮ ਦਿੰਦਾ ਹੈ ਅਤੇ ਮਨੁੱਖ ਨੂੰ ਹਜ਼ਾਰਾਂ ਲੱਖਾਂ ਰੁਪਏ ਦੇ ਕਰਜ਼ ਵਿੱਚ ਵੀ ਕਈ ਵਾਰ ਝੋਕ ਦਿੰਦਾ ਹੈ।

ਇਹ ਦੋਵੇਂ ਪ੍ਰੇਸ਼ਾਨੀਆਂ ਮਨੁੱਖ ਨੂੰ ਕਈ ਵਾਰ ਆਤਮ ਹੱਤਿਆ ਖ਼ੁਦਕੁਸ਼ੀ ਕਰਨ ਵੱਲ ਵੀ ਮਜ਼ਬੂਰ ਅਤੇ ਪ੍ਰੇਰਿਤ ਕਰਦੀਆਂ ਹਨ, ਜੋ ਕਿ ਮਨੁੱਖਾ ਜੀਵਨ ਅਤੇ ਉਸ ਦੇ ਪਰਿਵਾਰ ਦੇ ਲਈ ਤੇ ਸਮਾਜ ਦੇ ਲਈ ਸਹੀ ਨਹੀਂ ਹੈ; ਕਿਉਂਕਿ ਖ਼ੁਦਕੁਸ਼ੀ ਵੀ ਇੱਕ ਬੁਜਦਿਲੀ, ਮਨੁੱਖਾ ਸਰੀਰ ਦਾ ਅਪਮਾਨ ਅਤੇ ਘੋਰ ਪਾਪ ਹੈ। ਇਸ ਲਈ ਜ਼ਿੰਦਗੀ ਨੂੰ ਪਿਆਰ, ਨਿਮਰਤਾ, ਮਿਠਾਸ ਤੇ ਸਾਦਗੀ ਨਾਲ਼ ਜਿਉਣਾ ਚਾਹੀਦਾ ਹੈ, ਨਾ ਕਿ ਲੋਕ ਦਿਖਾਵੇ ਨਾਲ਼। ਸੋਚਣ ਵਾਲ਼ੀ ਗੱਲ ਇਹ ਨਹੀਂ ਕਿ ਅਸੀਂ ਕਿੰਨੇ ਸਾਲ ਜੀਅ ਲੈਂਦੇ ਹਾਂ, ਸਗੋਂ ਦੇਖਣ ਅਤੇ ਸਮਝਣ ਵਾਲ਼ੀ ਗੱਲ ਤਾਂ ਇਹ ਹੁੰਦੀ ਹੈ ਕਿ ਅਸੀਂ ਜੀਵਨ ਨੂੰ ਕਿਸ ਸਥਿਤੀ ਵਿੱਚ ਜੀਵਿਆ ਹੈ ਤੇ ਕਿਸ ਸਥਿਤੀ ਵਿੱਚ ਜੀਅ ਰਹੇ ਹਾਂ? ਅਸੀਂ ਮਨੁੱਖਾ ਜੀਵਨ ਜੀਅ ਰਹੇ ਹਾਂ, ਨਾ ਕਿ ਰੁੱਖਾਂ ਦਰੱਖਤਾਂ ਜਾਂ ਜਾਨਵਰਾਂ ਵਾਲ਼ਾ ਜੀਵਨ। ਜੇਕਰ ਅਸੀਂ ਆਪਣੀ ਸੋਚ ਨੂੰ ਸਕਾਰਾਤਮਕ ਬਣਾ ਲਈਏ, ਤਾਹੀਓਂ ਅਸੀਂ ਨਿਰਾਸ਼ਾ ਅਤੇ ਚਿੰਤਾ ਤੋਂ ਮੁਕਤ ਜੀਵਨ, ਉਸਾਰੂ ਤੇ ਸੁਚਾਰੂ ਜੀਵਨ ਤੇ ਸੁੱਖ-ਸਕੂਨ ਭਰਿਆ ਜੀਵਨ ਜੀਅ ਸਕਦੇ ਹਾਂ।

ਆਓ! ਨਿਰਾਸ਼ਾ ਅਤੇ ਚਿੰਤਾ ਨੂੰ ਆਪਣੀ ਜ਼ਿੰਦਗੀ ਵਿੱਚੋਂ ਦੂਰ ਕਰੀਏ ਅਤੇ ਸੌਖਾ, ਸੌਖ਼ਾਲਾ ਅਤੇ ਸਾਦਗੀ ਭਰਿਆ ਜੀਵਨ ਸਕੂਨ ਭਰਿਆ ਜੀਵਨ ਜੀਵੀਏ। ਇਹੋ ਅਸਲ ਮਨੁੱਖਾ ਜੀਵਨ ਹੈ।



ਪ੍ਰਿੰਸੀਪਲ ਵਿਜੈ ਕੁਮਾਰ
98726-20136

# ਚੰਦਰਯਾਨ 3 ਦਾ ਇੱਕ ਮਹਾਨ ਵਿਗਿਆਨੀ ਭਰਤ ਕੁਮਾਰ

ਹੌਂਸਲਾ ਅਤੇ ਮਜ਼ਬੂਤ ਇਰਾਦੇ ਵਾਲ਼ੇ ਲੋਕ ਵੱਡੀਆਂ-ਵੱਡੀਆਂ ਔਕੜਾਂ ਨੂੰ ਹੱਲ ਕਰਕੇ ਜਦੋਂ ਆਪਣੀ ਮੰਜ਼ਿਲ ਉੱਤੇ ਪਹੁੰਚ ਜਾਂਦੇ ਹਨ ਤਾਂ ਉਨ੍ਹਾਂ ਦੀ ਗਿਣਤੀ ਇਤਿਹਾਸ ਲਿਖਣ ਵਾਲਿਆਂ ਵਿੱਚ ਹੋਣ ਲੱਗ ਪੈਂਦੀ ਹੈ। ਆਉਣ ਵਾਲ਼ੀਆਂ ਪੀੜ੍ਹੀਆਂ ਉਨ੍ਹਾਂ ਤੋਂ ਅੱਗੇ ਵਧਣ ਦਾ ਸਬਕ ਲੈਣ ਲੱਗ ਪੈਦੀਆਂ ਹਨ। ਉਹ ਦੂਜਿਆਂ ਲਈ ਉਦਾਹਰਨ ਬਣ ਜਾਂਦੇ ਹਨ। ਉਹ ਅਜਿਹੀਆਂ ਪੈੜ੍ਹਾਂ ਸਿਰਜ ਜਾਂਦੇ ਹਨ ਜੋ ਦੂਜਿਆਂ ਲਈ ਮਾਰਗ ਦਰਸ਼ਕ ਬਣ ਜਾਂਦੀਆਂ ਹਨ। ਸਾਡੇ ਦੇਸ ਦੇ ਵਿਗਿਆਨ ਦੇ ਖ਼ੇਤਰ ਵਿੱਚ ਮਹਾਨ ਯੋਗਦਾਨ ਪਾਉਣ ਵਾਲ਼ੇ ਮਹਾਨ ਸੰਸਥਾਨ ਇਸਰੋ ਦੇ ਮਹਾਨ ਵਿਗਿਆਨੀ ਭਰਤ ਕੁਮਾਰ ਨੂੰ ਵੀ ਆਪਣੀ ਮੰਜ਼ਿਲ ਤੇ ਪਹੁੰਚਣ ਲਈ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਆਪਣੇ ਦ੍ਰਿੜ ਇਰਾਦੇ ਨਾਲ਼ ਅੱਗੇ ਵੱਧਦਾ ਗਿਆ।

ਅੱਜ ਚੰਦਰਯਾਨ 3 ਦਾ ਲੈਂਡਰ (ਵਿਕਰਮ) ਤੇ ਰੋਬਰ(ਪ੍ਰਗਿਆਨ) ਵਾਲ਼ਾ ਐੱਲ.ਐੱਮ. ਚੰਦਰਮਾ ਦੇ ਦੱਖਣੀ ਧਰੁਵ ਦੇ ਕੋਲ਼ ਉਤਾਰਕੇ ਭਾਰਤ ਨੂੰ ਦੁਨੀਆ ਦਾ ਇੱਕ ਨੰਬਰ ਦਾ ਦੇਸ ਬਣਾਉਣ ਵਾਲ਼ੇ ਮਹਾਨ ਵਿਗਿਆਨੀਆਂ ਵਿੱਚੋਂ ਮਹਾਨ ਵਿਗਿਆਨੀ ਭਰਤ ਕੁਮਾਰ ਵੀ ਇੱਕ ਹੈ। ਇਸ ਮਹਾਨ ਵਿਗਿਆਨੀ ਦਾ ਬਚਪਨ ਤੇ ਜਵਾਨੀ ਬਹੁਤ ਹੀ ਗ਼ੁਰਬਤ ਚੋਂ ਗੁਜਰੇ। ਭਾਰਤ ਦੇ ਇੱਕ ਸੂਬੇ ਛੱਤੀਸਗੜ੍ਹ ਦੇ ਇੱਕ ਪਿੰਡ ਚਾਰੋਦਾ ਦੇ ਇੱਕ ਕਿਰਤੀ ਪਰਿਵਾਰ 'ਚ ਪੈਦਾ ਹੋਏ ਭਰਤ ਕੁਮਾਰ ਦੇ ਪਿਤਾ ਜੀ ਇੱਕ ਬੈਂਕ 'ਚ ਸੁਰੱਖਿਆ ਗਾਰਡ ਹਨ। ਉਸਦੀ ਮਾਂ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਨੂੰ ਬਿਹਤਰ ਬਣਾਉਣ ਲਈ ਚਾਰੋਦਾ ਦੇ ਰੇਲਵੇ ਸਟੇਸ਼ਨ ਕੋਲ਼ ਜਿੱਥੇ ਕੋਲ਼ਾ ਚੜ੍ਹਦਾ ਉਤਰਦਾ ਸੀ, ਇੱਕ ਛੱਪਰੀ ਵਿੱਚ ਇਡਲੀ ਤੇ ਚਾਹ ਵੇਚਣ ਦਾ ਕੰਮ ਕਰਦੀ ਹੈ। ਕੋਲ਼ੇ ਦੀ ਉਡਦੀ ਧੂੜ ਵਿੱਚ ਇਹ ਮਹਾਨ ਵਿਗਿਆਨੀ ਆਪਣੀ ਮਾਂ ਨਾਲ਼ ਚਾਹ ਦੇਣ ਅਤੇ ਭਾਂਡੇ ਧੋਣ ਦਾ ਕੰਮ ਕਰਦਾ ਸੀ। ਭਰਤ ਕੁਮਾਰ ਦੇ ਮਾਤਾ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਚੰਗੀ ਤੋਂ ਚੰਗੀ ਸਿੱਖਿਆ ਹਾਸਲ ਕਰਕੇ ਉੱਚਿਆਂ ਅਹੁਦਿਆਂ ਤੇ ਪਹੁੰਚਣ। ਉਹ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਬਹੁਤ ਹੀ ਹੁਸ਼ਿਆਰ ਸੀ।

ਚਾਰੋਦਾ ਦੇ ਕੇਂਦਰੀ ਵਿਦਿਆਲੇ ਨੌਵੀਂ ਜਮਾਤ 'ਚ ਪੜ੍ਹਦੇ ਹੋਏ ਉਨ੍ਹਾਂ ਨੂੰ ਸਰਟੀਫਿਕੇਟ ਲੈ ਕੇ ਪੜ੍ਹਾਈ ਲਈ ਕਿਸੇ ਹੋਰ ਸਕੂਲ 'ਚ ਦਾਖ਼ਲਾ ਲੈਣ ਲਈ ਕਿਹਾ

ਗਿਆ, ਕਿਉਂਕਿ ਉਨ੍ਹਾਂ ਦੇ ਪਰਿਵਾਰ ਵਿੱਚ ਗਰੀਬੀ ਹੋਣ ਕਾਰਨ ਸਕੂਲ ਦੀ ਫ਼ੀਸ ਦੇਣ ਲਈ ਪੈਸੇ ਨਹੀਂ ਸਨ, ਪਰ ਪੜ੍ਹਾਈ 'ਚ ਹੁਸ਼ਿਆਰ ਹੋਣ ਕਾਰਨ ਸਕੂਲ ਦੇ ਪ੍ਰਿੰਸੀਪਲ ਵੱਲੋਂ ਫ਼ੀਸ ਮਾਫ਼ ਕਰ ਦੇਣ ਕਾਰਨ ਉਸਦੀ ਪੜ੍ਹਾਈ ਕੇਂਦਰੀ ਵਿਦਿਆਲੇ ਵਿੱਚ ਹੀ ਚਲਦੀ ਰਹੀ। ਉਸਦੇ ਅਧਿਆਪਕ ਉਸ ਨੂੰ ਕਿਤਾਬਾਂ, ਕਾਪੀਆਂ ਤੇ ਹੋਰ ਸਮੱਗਰੀ ਮੁਹੱਈਆ ਕਰਵਾਉਣ ਵਿੱਚ ਉਸਦੀ ਸਹਾਇਤਾ ਕਰਦੇ ਰਹੇ। ਬਾਰ੍ਹਵੀਂ ਜਮਾਤ ਦੀ ਬੋਰਡ ਦੀ ਪਰੀਖਿਆ 'ਚ ਉਸਨੇ ਮੈਰਿਟ 'ਚ ਆ ਕੇ ਇੱਕ ਹੋਣਹਾਰ ਵਿਦਿਆਰਥੀ ਹੋਣ ਦਾ ਸਬੂਤ ਦਿੱਤਾ। ਉਸਨੇ ਕੌਮੀ ਪੱਧਰ ਦਾ ਇੰਜੀਨੀਅਰਿੰਗ ਦਾ ਦਾਖ਼ਲਾ ਟੈਸਟ



ਪਾਸ ਕਰਕੇ ਆਈ.ਆਈ.ਟੀ. ਧਨਵਾਦ 'ਚ ਦਾਖ਼ਲਾ ਲੈ ਲਿਆ। ਉਸਨੇ ਆਈ.ਆਈ.ਟੀ. ਦੀ ਪਰੀਖਿਆ ਵਿੱਚੋਂ 98 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕੀਤਾ। ਉਹ ਅਜੇ ਆਈ.ਆਈ.ਟੀ. ਦੇ ਸੱਤਵੇਂ ਸਮੈਸਟਰ ਵਿੱਚ ਹੀ ਸੀ ਕਿ ਇਸਰੋ ਸੰਸਥਾਨ ਵਿੱਚ ਉਸਦੀ ਚੋਣ ਵਿਗਿਆਨਕ ਦੇ ਤੌਰ ਹੋ ਗਈ। ਉਹ ਇੱਕੱਲੇ ਹੀ ਧਨਵਾਦ ਦੇ ਆਈ.ਆਈ.ਟੀ. ਸੰਸਥਾਨ ਦੇ ਅਜਿਹੇ ਵਿਦਿਆਰਥੀ ਸਨ, ਜਿਨ੍ਹਾਂ ਦੀ ਸੱਤਵੇਂ ਸਮੈਸਟਰ ਵਿੱਚ ਹੀ ਵਿਗਿਆਨਕ ਵਜੋਂ ਚੋਣ ਹੋਈ ਸੀ। ਇਸ ਹੋਣਹਾਰ ਵਿਗਿਆਨੀ ਉੱਤੇ ਦੇਸ ਸਦਾ ਹੀ ਮਾਣ ਕਰਦਾ ਰਹੇਗਾ। ਦੇਸ ਦੇ ਹਰ ਬੱਚੇ ਨੂੰ ਭਰਤ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਕੁੰਦਰ ਲਾਲ ਭੱਟੀ
94785-90189

# ਦੋਹੇ

ਸੁਣ ਲੈ ਮਾਏ ਮੇਰੀਏ, ਸੁਣ ਲੈ ਮੇਰੀ ਗੱਲ।
ਜਿੰਦਾਂ ਪੁੱਤ ਦੇ ਝੱਲਦੀ, ਸਾਡੇ ਵੀ ਦੁੱਖ ਝੱਲ।

ਸੁਣ ਲੈ ਮਾਏ ਮੇਰੀਏ, ਪੁੱਤਾਂ ਤੋਂ ਨਾ ਘੱਟ।
ਫਿਰ ਵੀ ਜਗ ਕਿਉਂ ਪਾਂਵਦਾ, ਮੱਥੇ ਉੱਤੇ ਵੱਟੈ।

ਸੁਣ ਲੈ ਮਾਏ ਮੇਰੀਏ, ਕਰ ਲੈ 'ਵਾਜ਼ ਬੁਲੰਦ।
ਮੈ ਅਰਸ਼ਾਂ ਵਿੱਚ ਉੱਡਣਾ, ਤੂੰ ਕਿਉਂ ਕਰਦੀ ਬੰਦ।

ਸੁਣ ਲੈ ਮਾਏ ਮੇਰੀਏ, ਕਰ ਨਾ ਮੈਨੂੰ ਦੂਰ।
ਤੂੰ ਜੀਵਨ ਦਾ ਰੁੱਖ ਨੀ, ਮੈਂ ਜੀਵਨ ਦਾ ਬੂਰ।

ਸੁਣ ਲੈ ਮਾਏ ਮੇਰੀਏ, ਆਸ ਦਾ ਚੜ੍ਹਿਆ ਚੰਨ।
ਧੀਆਂ ਦਾ ਹੱਕ ਗੂੰਜਿਆ, ਸੁਣ ਲੈ ਲਾ ਕੇ ਕੰਨ।

ਸੁਣ ਲੈ ਮਾਏ ਮੇਰੀਏ, ਸੋਨੇ ਦੀ ਨਾ ਲੋੜ।
ਵਿੱਦਿਆ ਦੇ ਨਾਲ਼ ਲੱਦ ਕੇ, ਤੂੰ ਮੈਨੂੰ ਅੱਜ ਤੋਰ।

ਸੁਣ ਲੈ ਮਾਏ ਮੇਰੀਏ, ਇਹ ਗੱਲ ਸੱਚੀ ਜਾਣ।
ਜੋ ਬਚ ਜਾਂਦਾ ਅੰਤ ਨੂੰ, ਉਹੀ ਧੀਆਂ ਖਾਣ।

ਸੁਣ ਲੈ ਮਾਏ ਮੇਰੀਏ, ਧੀਆਂ ਕਰਦੀਆਂ ਕੰਮ।
ਪੁੱਤਰਾਂ ਤੋਂ ਅਸੀਂ ਵੱਧ ਹਾਂ, ਭਾਵੇਂ ਮੰਨ ਨਾ ਮੰਨ।

ਸੁਣ ਲੈ ਮਾਏ ਮੇਰੀਏ, ਘੜ ਮੇਰੀ ਤਕਦੀਰ।
ਜੇ ਤੂੰ ਮੇਰੇ ਵੱਲ ਹੈ, ਪਰਬਤ ਜਾਵਾਂ ਚੀਰ।

ਸੁਣ ਲੈ ਮਾਏ ਮੇਰੀਏ, ਗ਼ਰਜ਼ ਕਦੇ ਨਾ ਭੁੱਲ।
ਬਣ ਕੇ ਪੌਣ ਪਿਆਰ ਦੀ, ਧੀਆਂ ਤੇ ਵੀ ਝੁੱਲ।

ਸੁਣ ਲੈ ਮਾਏ ਮੇਰੀਏ, ਧੀਆਂ ਘਰ-ਸ਼ਿੰਗਾਰ।
ਧੀਆਂ ਕਰਕੇ ਸੋਭਦਾ, ਇਹ ਸਾਰਾ ਸੰਸਾਰ।

ਬਾਲ ਕਹਾਣੀ



ਬਲਦੇਵ ਸਿੰਘ (ਸੜਕਨਾਮਾ)
98147-83069

# ਰੁੱਖ਼ ਤੇ ਪਾਣੀ ਦੀ ਅਜਬ ਕਹਾਣੀ

ਪਿੱਛਲੇ ਦਿਨਾਂ ਵਿੱਚ ਲਗਾਤਾਰ ਮੀਂਹ ਪੈਂਦਾ ਰਿਹਾ। ਕਦੇ ਬੱਦਲ ਵੀ ਫਟ ਜਾਂਦੇ ਰਹੇ। ਜਿੱਧਰ ਦੇਖੋ ਪਾਣੀ ਹੀ ਪਾਣੀ। ਸਭ ਕੁਝ ਰੋੜ੍ਹ ਕੇ ਲਈ ਜਾਂਦਾ ਪਾਣੀ। ਕਾਰਾਂ ਗੱਡੀਆਂ, ਘਰਾਂ ਦਾ ਸਮਾਨ, ਜੋ ਵੀ ਪਾਣੀ ਅੱਗੇ ਆਇਆ, ਸਭ ਕੁਝ ਆਪਣੇ ਨਾਲ਼ ਵਹਾ ਕੇ ਲੈ ਗਿਆ। ਪਹਾੜਾਂ ਵਿੱਚ ਤਾਂ ਹੋਰ ਵੀ ਭੈੜਾ ਹਾਲ। ਸੜਕਾਂ ਟੁੱਟ ਗਈਆਂ। ਪਹਾੜ ਵੀ ਗਰਕਣ ਲੱਗ ਪਏ। ਮਨੁੱਖ ਤਰਾਸ-ਤਰਾਸ ਕਰਨ ਲੱਗੇ। ਰੱਬ ਅੱਗੇ ਅਰਦਾਸਾਂ ਕਰਨ ਲੱਗੇ।

ਰੱਬਾ ਰਹਿਮ ਕਰ। ਰੱਬਾ ਰੱਬਾ ਮੀਂਹ ਨਾ ਪਾ।

ਸਭ ਕੁਝ ਰੋੜ੍ਹ ਕੇ ਲਈ ਜਾਂਦੇ ਪਾਣੀ ਵਿੱਚ ਭਾਰਾ ਰੁੱਖ਼ ਵੀ ਰੁੜ੍ਹਿਆ ਜਾ ਰਿਹਾ ਸੀ। ਅੱਗੇ ਜਾ ਕੇ ਇੱਕ ਟੇਢਾ ਮੋੜ ਆਇਆ, ਪਾਣੀ ਦਾ ਵਹਾ ਕੁਝ ਘੱਟ ਹੋਇਆ ਤੇ ਰੁੱਖ਼ ਵੀ ਮੋੜ 'ਚ ਫਸ ਕੇ ਅਟਕ ਗਿਆ। ਆਪਣੇ ਤਣੇ, ਟਾਹਣੇ ਅਤੇ ਟਾਹਣੀਆਂ ਉੱਪਰ ਥਾਂ-ਥਾਂ ਫੱਟ ਅਤੇ ਜ਼ਖ਼ਮ ਵੇਖ ਕੇ ਰੁੱਖ਼ ਕੁਰਲਾਇਆ ਤੇ ਪਾਣੀ ਨੂੰ ਪੁੱਛਿਆ:

"ਤੂੰ ਤੇ ਵਗਣਾ ਈ ਹੁੰਦਾ, ਮੈਨੂੰ ਕਿਉਂ ਨਾਲ਼ ਘੜੀਸੀ ਜਾਂਦਾ ਏਂ। ਮੇਰਾ ਕੀ ਕਸੂਰ ਏ?"

ਪਾਣੀ ਬੋਲਿਆ, "ਮੈਂ ਕਦ ਕਿਹਾ ਤੇਰਾ ਕੋਈ ਕਸੂਰ ਏ, ਨਾ ਹੀ ਮੇਰੀ ਕੋਈ ਗ਼ਲਤੀ ਏ। ਮੈਂ ਤਾਂ...।"

ਰੁੱਖ਼ ਨੇ ਟੋਕਿਆ, "ਤੇਰੀ ਗ਼ਲਤੀ ਕਿਉਂ ਨਹੀਂ, ਮੈਂ ਤਾਂ ਚੰਗਾ ਭਲਾ ਖੜ੍ਹਾ ਸਾਂ। ਤੂੰ ਮੈਨੂੰ ਜੜ੍ਹੋਂ ਹੀ ਉਖਾੜ ਲਿਆਇਐਂ। ਮੈਨੂੰ ਕੋਈ ਚਾਅ ਸੀ, ਤੇਰੇ ਨਾਲ਼ ਰੁੜ੍ਹਦਾ ਆ ਰਿਹਾ। ਜਿਹਨਾਂ ਪੰਛੀਆਂ ਮੇਰੇ ਉੱਪਰ ਆਲ੍ਹਣੇ ਬਣਾਏ ਸਨ। ਕੁਝ ਵਿੱਚ ਉਹਨਾਂ ਦੇ ਅੰਡੇ ਸਨ, ਕੁਝ ਵਿੱਚ ਉਹਨਾਂ ਦੇ ਬੱਚੇ ਸਨ, ਪਤਾ ਨਹੀਂ ਸਭ ਕਿੱਧਰ ਰੁੜ੍ਹ ਗਏ, ਪੰਛੀ ਬੱਚੇ ਮਾਰੇ ਗਏ। ਉਹਨਾਂ ਦਾ ਕੀ ਕਸੂਰ ਸੀ?"

"ਮੇਰੇ ਨਾਲ਼ ਤੇਰਾ ਗੁੱਸਾ ਜਾਇਜ਼ ਨਹੀਂ ਹੈ।" ਪਾਣੀ ਬੋਲਿਆ।

"ਕਿਉਂ ਜਾਇਜ਼ ਨਹੀਂ ਹੈ, ਸਾਰੀ ਗ਼ਲਤੀ ਤੇਰੀ ਹੈ, ਇੰਨਾਂ ਪਾਣੀ?"

"ਪਹਿਲਾਂ ਕਿਹੜਾ ਕਦੇ ਮੀਂਹ ਨਹੀਂ ਸਨ ਪੈਂਦੇ, ਉਦੋਂ...!"

ਪਾਣੀ ਨੇ ਫਿਰ ਟੋਕਿਆ, "ਮੀਂਹਾਂ ਦੀ ਕਹਾਣੀ ਤਾਂ ਸਦੀਆਂ ਪੁਰਾਣੀ ਹੈ।"

ਫੇਰ ਮੈਨੂੰ ਕਿਉਂ ਦੋਸ਼ ਦਿੰਨੈਂ? ਮੀਂਹ ਪਹਿਲਾਂ ਵੀ ਪੈਂਦੇ ਆਏ ਹਨ? ਹੁਣ ਵੀ ਪੈਂਦੇ ਨੇ। ਮੈਨੂੰ ਕਦੇ ਵੀ

ਕਿਸੇ ਨੇ ਦੋਸ਼ੀ ਨਹੀਂ ਕਿਹਾ।

ਦੇਖ ਮੈਂ ਬੜੀ ਮੌਜ ਵਿੱਚ ਖੜ੍ਹਾ ਸਾਂ। ਬੱਚੇ, ਬੁੱਢੇ, ਜਵਾਨ ਸਭ ਮੇਰੀ ਛਾਵੇਂ ਆ ਕੇ ਬੈਠਦੇ ਸਨ। ਮੇਰੇ ਫ਼ਲ ਖਾਂਦੇ ਸਨ। ਹੁਣ ਦੇਖ ਮੇਰਾ ਹਾਲ ਕੀ ਹੋਇਆ ਪਿਐ?

ਪਾਣੀ ਬੋਲਿਆ, ''ਤੇਰੇ ਤੋਂ ਪਹਿਲਾਂ ਵੀ ਤਾਂ ਰੁੱਖ਼ ਹੁੰਦੇ ਸਨ, ਜੰਗਲ ਹੁੰਦੇ ਸਨ, ਮੇਰੀ ਕੀ ਮਜਾਲ ਸੀ, ਮੈਂ ਉਹਨਾਂ ਨੂੰ ਜੜ੍ਹੋਂ ਉਖਾੜ ਦੇਵਾਂ? ਰੁੱਖ਼, ਜੰਗਲ ਤਾਂ ਮੈਨੂੰ ਆਪ-ਹੁਦਰਾ ਹੋਣ ਤੋਂ ਰੋਕਦੇ ਸਨ। ਮੇਰੇ ਵੇਗ ਨੂੰ ਠੱਲ੍ਹ ਪਾ ਦਿੰਦੇ ਸਨ। ਮੈਂ ਫਿਰ ਆਪਣੇ ਕੰਢਿਆਂ ਦੇ ਅੰਦਰ ਹੀ ਵਗਣ ਲੱਗਦਾ ਸਾਂ। ਸਹੀ ਗੱਲ ਤਾਂ ਇਹ ਹੈ ਕਿ ਮੈਂ ਆਪਣੇ ਕੰਢੇ ਕਦੀ ਨਹੀਂ ਸਨ ਤੋੜੇ। ਮੇਰੇ ਕੰਢਿਆਂ ਤੇ ਏਨੇ ਘਣੇ ਰੁੱਖ਼ ਹੁੰਦੇ ਸਨ, ਤਪਦੀਆਂ ਦੁਪਹਿਰਾਂ ਵਿੱਚ ਵੀ ਠੰਡ ਮਹਿਸੂਸ ਹੁੰਦੀ ਸੀ। ਹਾਲੀ-ਪਾਲੀ, ਆਜੜੀ ਆਪਣੇ ਇੱਜੜ ਲੈ ਕੇ ਮੇਰੇ ਕੰਢੇ ਆਉਂਦੇ, ਰੱਜ ਕੇ ਮੇਰਾ ਪਾਣੀ ਪੀਂਦੇ ਤੇ ਰੁੱਖ਼ਾਂ ਦੀ ਛਾਵੇਂ ਦੁਪਹਿਰੇ ਕੱਟਦੇ।

ਤੇ ਹੁਣ ਤੈਨੂੰ ਪਤਾ ਹੈ ਨਾ, ਮੇਰੇ ਕੰਢਿਆਂ ਦਾ ਕੀ ਹਾਲ ਹੋਇਐ। ਮੇਰੇ ਕੰਢਿਆਂ 'ਤੇ ਨਾ ਰੁੱਖ਼ ਨਾ ਜੰਗਲ...

ਕਿੱਧਰ ਗਏ ਰੁੱਖ਼? ਵਹਿਣ 'ਚ ਫਸੇ ਰੁੱਖ਼ ਨੇ ਪੁੱਛਿਆ।

ਮੈਨੂੰ ਕੀ ਪੁੱਛਦੈਂ, ਆਪਣੇ ਆਪ ਨੂੰ ਪੁੱਛ ਕਿੱਧਰ ਗਏ ਤੇਰੇ ਹਮਸਾਏ, ਤੇਰੇ ਸਾਥੀ? ਪਾਣੀ ਨੇ ਤਾਅਨਾ ਮਾਰਿਆ।

ਜੰਗਲ ਰੁੱਖ਼ ਤਾਂ ਮਨੁੱਖਾਂ ਨੇ ਵੱਢ ਕੇ ਵੇਚ-ਵੱਟ ਲਏ ਕੁਝ ਸਾੜ ਲਏ।

ਫਿਰ ਕੌਣ ਦੋਸ਼ੀ ਹੋਇਆ? ਮੈਂ ਤਾਂ ਬਰਸਾਤਾਂ ਵਿੱਚ ਵਗਣਾ ਹੁੰਦੈ। ਸੈਂਕੜੇ ਹਜ਼ਾਰਾਂ ਰੁੱਖ਼ ਮੇਰੇ ਅੱਥਰੇ ਵਹਿਣ ਨੂੰ ਰੋਕ ਲੈਂਦੇ ਸਨ। ਮੈਨੂੰ ਸੰਜਮ ਵਿੱਚ ਰੱਖਦੇ ਸਨ। ਮੈਂ ਨਾ ਕਿਨਾਰੇ ਤੋੜ ਸਕਦਾ ਸੀ, ਨਾ ਜੰਗਲ ਦੇ ਰੁੱਖ਼ਾਂ ਦਾ ਕੁਝ ਵਿਗਾੜ ਸਕਦਾ ਸੀ। ਰੁੱਖ਼ ਵੀ ਖ਼ੁਸ਼ ਸਨ। ਬਰਸਾਤਾਂ ਵਿੱਚ ਖ਼ੂਬ ਮੌਲਦੇ-ਖਿੜ੍ਹਦੇ। ਹੁਣ ਨਾ ਜੰਗਲ ਰਹੇ ਨਾ ਰੁੱਖ਼, ਸਭ ਲਾਲਚੀ ਮਨੁੱਖ ਨੇ ਖ਼ਤਮ ਕਰ ਦਿੱਤੇ। ਇੱਕ ਅੱਧ ਤੇਰੇ ਵਰਗਾ ਰੁੱਖ਼ ਮੇਰੇ ਵਹਿਣ ਅੱਗੇ ਕੀ ਅੜਨਾ ਸੀ। ਬੁਰਾ ਭਲਾ ਤੂੰ ਮੈਨੂੰ ਆਖ ਰਿਹੈਂ, ਅਸਲ ਵਿੱਚ ਸਭ ਤੋਂ ਬੁਰਾ ਹਾਲ ਤੇਰਾ ਮਨੁੱਖ ਨੇ ਕੀਤੈ?

ਰੁੱਖ਼ ਬੋਲਿਆ, ''ਜੇ ਤੇਰੀ ਗੱਲ ਸਹੀ ਹੈ ਤਾਂ ਮਨੁੱਖ ਫਿਰ ਚੀਕਾਂ ਕਿਉਂ ਮਾਰਦੈ? ਮੇਰਾ ਘਰ ਰੁੜ੍ਹ ਗਿਆ, ਮੇਰੀ ਫ਼ਸਲ ਬਰਬਾਦ ਹੋ ਗਈ, ਸੜਕਾਂ ਵਹਿ ਗਈਆਂ, ਪੁਲ ਟੁੱਟ ਗਏ।

ਪਹਾੜ ਖੋਖਲ਼ੇ ਕਰ ਦਿੱਤੇ ਮਨੁੱਖ ਨੇ। ਮਨੁੱਖ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਤੇ ਸਾਨੂੰ ਵੀ ਬਰਬਾਦ ਕਰ ਦਿੱਤਾ।''

ਦੇਖਦਾ ਜਾ ਜੇ ਮਨੁੱਖ ਨੇ ਆਪਣੇ ਆਪ ਨੂੰ ਨਾ ਸੁਧਾਰਿਆ ਤਾਂ ਹਰ ਸਾਲ ਇਸ ਤਰ੍ਹਾਂ ਦੀ ਤਬਾਹੀ ਭੁਗਤੂ'ਗਾ। ਪਾਣੀ ਨੇ ਕੁਝ ਗੁੱਸੇ ਵਿੱਚ ਕਿਹਾ।

ਰੁੱਖ਼ ਨੇ ਦੁੱਖ ਮਹਿਸੂਸ ਕੀਤਾ, ਬੋਲਿਆ, ''ਇੰਨਾਂ ਕਰੜਾ ਸ਼ਰਾਪ ਨਾ ਦੇਹ, ਕੋਈ ਉਪਾਅ ਦੱਸ।''

ਉਪਾਅ ਕਰਨਾ ਹੀ ਪੈਣਾ, ਨਹੀਂ ਤਾਂ ਮਨੁੱਖ ਦੀ ਹੋਂਦ ਅੱਜ ਵੀ ਨਹੀਂ ਤੇ ਕੱਲ੍ਹ ਵੀ ਨਹੀਂ।

''ਡਰਾ ਨਾ ਉਪਾਅ ਦੱਸ।'' ਰੁੱਖ਼ ਬੋਲਿਆ।

ਹਰ ਮਨੁੱਖ, ਹਰ ਬੱਚਾ ਆਪਣੇ ਜਨਮ ਦਿਨ 'ਤੇ ਘੱਟੋ ਤੋਂ ਘੱਟ ਪੰਜ ਰੁੱਖ਼ ਲਾਵੇ। ਇਹ ਕੋਈ ਔਖਾ ਕੰਮ ਨਹੀਂ ਹੈ। ਜਿੱਥੇ ਵਿਹਲੇ ਥਾਂ ਦਿਸੇ, ਘਰ ਵਿੱਚ, ਖੇਤ ਵਿੱਚ ਜਾਂ ਕਿਸੇ ਸਾਂਝੀ ਥਾਵੇਂ। ਦੇਖਣਾ ਕੁਝ ਸਾਲਾਂ ਵਿੱਚ ਹੀ ਦੁਨੀਆ ਫੇਰ ਹਰੀ-ਭਰੀ ਹੋ ਜਾਵੇਗੀ। ਤਪਦੀਆਂ ਦੁਪਹਿਰਾਂ ਵਿੱਚ ਫਿਰ ਠੰਢੀਆਂ ਛਾਵਾਂ ਵਗਣਗੀਆਂ॥ ਸਾਵਣ ਦੀ ਘਟਾ ਵਿੱਚ ਫਿਰ ਮੋਰ ਕੂਕਿਆ ਕਰਨਗੇ, ਪੈਲ਼ਾਂ ਪਾਇਆ ਕਰਨਗੇ...।

ਪਾਣੀ ਅਜੇ ਗੱਲਾਂ ਕਰ ਹੀ ਰਿਹਾ ਸੀ, ਪਿੱਛੋਂ ਇੱਕ ਵੱਡੀ ਛੱਲ ਰੁਕੇ ਹੋਏ ਰੁੱਖ਼ ਨੂੰ ਆਪਣੇ ਨਾਲ਼ ਵਹਾ ਕੇ ਲੈ ਗਈ। ਉਹ ਦੁਹਾਈਆਂ ਪਾਉਂਦਾ ਜਾ ਰਿਹਾ ਸੀ, ''ਰੁੱਖ਼ ਬਚਾਓ, ਰੁੱਖ਼ ਲਗਾਓ, ਰੁੱਖ਼ ਬਚਾਓ, ਰੁੱਖ਼ ਲਗਾਓ...



ਕਹਾਣੀ

ਰਣਜੀਤ ਸਿੰਘ ਨੂਰਪੁਰਾ
99887-09052

# ...ਤੇ ਉਹਨੂੰ ਕਾਂ ਲੈ ਗਿਆ

ਰਾਜਾ, ਲਾਡੀ ਤੇ ਜੱਸਾ ਦਾਦੀ ਜੀ ਨਾਲ਼ ਮੱਖੀਆਂ ਵਾਂਗ ਚੁੰਬੜੇ ਬੈਠੇ ਸਨ। ਉਹ ਕੋਈ ਕਹਾਣੀ ਸੁਣਾਉਣ ਲਈ ਆਖ ਰਹੇ ਸਨ। ਟਾਲ਼-ਮਟੋਲ਼ ਕਰਦੀ ਦਾਦੀ ਮਾਂ ਨੇ ਬਥੇਰਾ ਆਖਿਆ, ‘‘ਅੱਜ ਮੇਰੀ ਤਬੀਅਤ ਠੀਕ ਨ੍ਹੀਂ। ਕੱਲ੍ਹ ਨੂੰ ਕੋਈ ਕਹਾਣੀ ਜ਼ਰੂਰ ਸੁਣਾਵਾਂਗੀ।’’ ਪਰ ਬੱਚੇ ਤਾਂ ਉਸ ਦਾ ਖਹਿੜਾ ਛੱਡ ਹੀ ਨਹੀਂ ਸਨ ਰਹੇ, ‘‘ਵੱਡੀ ਮੰਮੀ, ਸਾਨੂੰ ਨ੍ਹੀਂ ਪਤਾ, ਭਾਵੇਂ ਕੋਈ ਨਿੱਕੀ ਜਿਹੀ ਕਹਾਣੀ ਸੁਣਾ ਦੇ, ਪਰ ਅਸੀਂ ਸੁਣਨੀ ਜ਼ਰੂਰ ਆ।’’

ਆਖ਼ਰ ਬੱਚਿਆਂ ਨੇ ਦਾਦੀ ਮਾਂ ਨੂੰ ਰਾਜ਼ੀ ਕਰ ਹੀ ਲਿਆ। ਜੱਸਾ ਤੇ ਰਾਜਾ ਦਾਦੀ ਮਾਂ ਮੂਹਰੇ ਚੌਂਕੜੀਆਂ ਮਾਰ ਬੈਠ ਗਏ, ਜਦਕਿ ਲਾਡੀ ਦਾਦੀ ਦੀ ਬੁੱਕਲ ’ਚ ਵੜ੍ਹ ਗਿਆ। ਦਾਦੀ ਮਾਂ ਨੇ ਕੁਝ ਚਿਰ ਬਾਅਦ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ।

‘‘ਬੱਚਿਓ, ਇੱਕ ਕਿਸਾਨ ਦੇ ਕੱਚੇ-ਕੋਠੇ ਦੀ ਛੱਤ ਵਾਲ਼ੀ ਲਟੈਣ ’ਤੇ ਚਿੜਾ-ਚਿੜੀ ਨੇ ਆਲ੍ਹਣਾ ਪਾਇਆ ਤੇ ਫਿਰ ਉਸ ’ਚ ਆਂਡੇ ਦੇ ਕੇ ਬੱਚੇ ਕੱਢ ਲਏ।’’

‘‘ਕਿੰਨੇ ਬੱਚੇ ਸੀ ਦਾਦੀ ਅੰਮਾਂ?’’ ਬੱਚਿਆਂ ਨੇ ਜਾਣਨਾ ਚਾਹਿਆ।

‘‘ਬੱਚੇ ਸੀ ਪੁੱਤਰੋ ਤਿੰਨ’’ ਦਾਦੀ ਮਾਂ ਨੇ ਦੱਸਿਆ, ‘‘ਬੱਚੇ ਬਹੁਤ ਸੁਹਣੇ ਹੋਣ ਕਾਰਨ ਚਿੜੀ ਉਨ੍ਹਾਂ ਦਾ ਭੋਰਾ ਵਿਸਾਹ ਨਹੀਂ ਸੀ ਕਰਦੀ।’’

‘‘ਵਿਸਾਹ ਕੀ ਹੁੰਦਾ ਅੰਮਾਂ?’’ ਰਾਜੇ ਨੇ ਜਾਨਣਾ ਚਾਹਿਆ।

‘‘ਵਿਸਾਹ ਦਾ ਮਤਲਬ ਚਿੜਾ-ਚਿੜੀ ਉਨ੍ਹਾਂ ਨੂੰ ’ਕੱਲਿਆਂ ਨਹੀਂ ਸੀ ਛੱਡਦੇ। ਜੇ ਚਿੜੀ ਬੱਚਿਆਂ ਲਈ ਚੋਗ਼ਾ ਲੈਣ ਜਾਂਦੀ ਤਾਂ ਚਿੜਾ ਬੱਚਿਆਂ ਦੇ ਕੋਲ਼ ਰਹਿੰਦਾ। ਦਿਨਾਂ ’ਚ ਈ ਬੱਚਿਆਂ ਦੇ ਖ਼ੰਭ ਨਿੱਕਲ ਆਏ। ਬੱਚਿਓ, ਇਨ੍ਹਾਂ ਚਿੜੀ ਦੇ ਬੱਚਿਆਂ ’ਚੋਂ ਇੱਕ ਬੱਚਾ ਸ਼ਰਾਰਤਾਂ ਕਰਨੋਂ ਨਹੀਂ ਸੀ ਹਟਦਾ। ਕਦੇ ਉਹ ਆਲ੍ਹਣੇ ’ਚੋਂ ਹੇਠਾਂ ਆਉਣ ਦੀ ਕੋਸ਼ਿਸ਼ ਕਰਦਾ ਤੇ ਕਈ ਵਾਰ ਲਾਗ਼ਲੇ ਬਾਲਿਆਂ ਦੀਆਂ ਵਿਰਲ਼ਾਂ ’ਚ ਜਾ ਲੁਕਦਾ। ਜਦ ਚਿੜਾ-ਚਿੜੀ ਨੂੰ ਉਹ ਨਾ ਦਿਸਦਾ ਤਾਂ ਉਹ ਪ੍ਰੇਸ਼ਾਨ ਹੋ ਜਾਂਦੇ। ਉਹਨੂੰ ਹਾਕਾਂ ਮਾਰ-ਮਾਰ ਲੱਭਦੇ, ਪਰ ਉਹ ਚੁੱਪ-ਚਾਪ ਲੁਕਿਆ ਬੈਠਾ ਰਹਿੰਦਾ। ਚਿੜਾ-ਚਿੜੀ ਵੱਲੋਂ ਵਾਰ-ਵਾਰ ਸਮਝਾਉਣ ਦੇ ਬਾਵਜੂਦ ਉਹ ਆਖੇ ਨਾ ਲੱਗਦਾ।’’

‘‘ਦਾਦੀ ਅੰਮਾਂ, ਉਹ ਐਨੀਆਂ ਸ਼ਰਾਰਤਾਂ ਕਿਉਂ ਕਰਦਾ ਰਹਿੰਦਾ ਸੀ’’ ਜੱਸੇ ਨੇ ਹੈਰਾਨ ਹੁੰਦਿਆਂ ਦਾਦੀ ਨੂੰ ਸੁਆਲ ਕੀਤਾ।

"ਮੇਰੇ ਆਲ਼ਿਓ-ਭੋਲ਼ਿਓ...ਜਦ ਮਾਂ-ਬਾਪ ਬੱਚੇ ਨੂੰ ਬਿਨਾਂ ਕਿਸੇ ਗੱਲ ਤੋਂ ਲਾਡ ਲਡਾਉਣ ਲੱਗ ਜਾਣ ਤਾਂ ਬੱਚੇ ਵਿਗੜ ਜਾਂਦੇ ਨੇ ਤੇ ਆਪਣੀ ਜ਼ਿੱਦ ਪੁਗਾਉਣ ਲੱਗ ਜਾਂਦੇ ਨੇ। ਫੇਰ ਉਹ ਕਿਸੇ ਦਾ ਆਖਿਆ ਵੀ ਨਹੀਂ ਮੰਨਦੇ" ਸੁਆਲ ਦਾ ਜਵਾਬ ਦੇ ਦਾਦੀ ਮਾਂ ਨੇ ਕਹਾਣੀ ਅੱਗੇ ਤੋਰੀ, "ਦੂਜੇ ਦੋਵਾਂ ਬੱਚਿਆਂ ਦੀਆਂ ਆਦਤਾਂ ਚੰਗੀਆਂ ਸਨ। ਉਹ ਚਿੜਾ-ਚਿੜੀ ਵੱਲੋਂ ਸਮਝਾਈਆਂ ਜਾਂਦੀਆਂ ਗੱਲਾਂ ਧਿਆਨ ਨਾਲ਼ ਸੁਣਕੇ ਉਨ੍ਹਾਂ 'ਤੇ ਅਮਲ ਵੀ ਕਰਦੇ ਸਨ। ਪਤਾ ਨਹੀਂ ਉਨ੍ਹਾਂ ਨੂੰ ਇਹ ਸੋਝੀ ਕਿਵੇਂ ਆ ਗਈ ਸੀ ਕਿ ਮਾਂ-ਬਾਪ ਬੱਚਿਆਂ ਲਈ ਮਾੜਾ ਨਹੀਂ ਸੋਚਦੇ ਹੁੰਦੇ। ਚਿੜਾ-ਚਿੜੀ ਉਨ੍ਹਾਂ ਲਈ ਜੋ ਵੀ ਚੋਗਾ ਲਿਆਉਂਦੇ-ਉਹ ਬਿਨਾਂ ਨੱਕ-ਬੁੱਲ੍ਹ ਮਾਰਨ ਤੋਂ ਖਾਂਦੇ ਜਦਕਿ ਜ਼ਿੱਦ ਪੁਗਾਉਣ ਵਾਲ਼ਾ ਬੱਚਾ ਤਰ੍ਹਾਂ-ਤਰ੍ਹਾਂ ਦੀਆਂ ਫ਼ਰਮਾਇਸ਼ਾਂ ਕਰਦਾ। ਜਦ ਚਿੜਾ-ਚਿੜੀ ਨੂੰ ਉਹਦੀ ਇੱਛਾ ਵਾਲ਼ਾ ਚੋਗਾ ਨਾ ਮਿਲਦਾ ਤਾਂ ਉਹ ਉਨ੍ਹਾਂ ਨਾਲ਼ ਰੁੱਸ ਚੋਗਾ ਨਾ ਲੈਂਦਾ। ਦੂਜੇ ਬੱਚਿਆਂ ਵੱਲੋਂ ਸਮਝਾਉਣ 'ਤੇ ਵੀ ਉਹ ਆਪਣੀ ਜ਼ਿੱਦ ਨਾ ਛੱਡਦਾ। ਉਹ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਤੇ ਭਰਾਵਾਂ ਨੂੰ ਝੁੱਡੂ ਆਖਦਾ। ਵਾਰ-ਵਾਰ ਸਮਝਾਉਣ ਦੇ ਬਾਵਜੂਦ ਉਸਦੀਆਂ ਆਦਤਾਂ 'ਚ ਫ਼ਰਕ ਨਾ ਆਉਂਦਾ।"

"ਫ਼ੇਰ ਕੀ ਹੋਇਆ ਦਾਦੀ ਅੰਮਾਂ" ਉਸ ਬੱਚੇ ਬਾਰੇ ਅੱਗੇ ਜਾਣਨ ਲਈ ਬੱਚਿਆਂ ਨੇ ਦਾਦੀ ਅੰਮਾਂ ਦੇ ਚਿਹਰੇ 'ਤੇ ਨਿਗਾਹਾਂ ਟਿਕਾਅ ਲਈਆਂ।

"ਦੱਸਦੀ ਆਂ, ਦੱਸਦੀ ਆਂ" ਆਪਣੇ ਮੂੰਹ 'ਤੇ ਚੁੰਨੀ ਫੇਰਦੀ ਦਾਦੀ ਅੰਮਾਂ ਅੱਗੇ ਬੋਲੀ," ਇੱਕ ਵਾਰ ਇੰਞ ਹੋਇਆ ਕਿ ਉਹ ਬੱਚਾ ਆਲ੍ਹਣੇ 'ਚੋਂ ਬਾਹਰ ਨਿੱਕਲ ਉਡਾਰੀਆਂ ਲਾਉਣ ਦੀ ਜ਼ਿੱਦ ਫੜ੍ਹਕੇ ਬੈਠ ਗਿਆ। ਉਹ ਆਖਣ ਲੱਗਾ ਕਿ ਮੈਂ ਬਾਹਰ ਜਾ ਕੇ ਉੱਡ ਵੀ ਸਕਦਾਂ ਤੇ ਚੋਗਾ ਵੀ ਲੱਭ ਸਕਦਾਂ। ਬੱਚੇ ਦੀਆਂ ਇਹ ਗੱਲਾਂ ਸੁਣ ਚਿੜਾ-ਚਿੜੀ ਦੇ ਖ਼ਾਨਿਓਂ ਗਈ। ਉਹ ਸੁੰਨ ਹੋ ਗਏ।"

"ਚਿੜਾ ਤੇ ਚਿੜੀ ਸੁੰਨ ਕਿਉਂ ਹੋ'ਗੇ ਦਾਦੀ?" ਉਸ ਬੱਚੇ ਬਾਰੇ ਇਹ ਗੱਲਾਂ ਸੁਣ ਬੱਚਿਆਂ ਅੰਦਰ ਹੈਰਾਨੀ ਵਧ ਗਈ।"

"ਸੁੰਨ ਉਹ ਤਾਂ ਹੋਏ ਬਈ ਅਸੀਂ ਇਹਨੂੰ ਉੱਡਣ ਬਾਰੇ ਤਾਂ ਹਾਲੇ ਜਾਣਕਾਰੀ ਦਿੱਤੀ ਈ ਨਹੀਂ...ਤੇ ਨਾ ਹੀ ਹਾਲੇ ਉਹ ਉੱਡਣ ਦੇ ਯੋਗ ਸੀ। ਚਿੜਾ ਤੇ ਚਿੜੀ ਉਸ ਬੱਚੇ ਨੂੰ ਪਿਆਰ ਨਾਲ਼ ਸਮਝਾਉਂਦੇ ਰਹੇ, ਪਰ ਉਹ ਤਾਂ ਸਿਰ ਮਾਰੀ ਜਾ ਰਿਹਾ ਸੀ। ਚਿੜਾ ਤੇ ਚਿੜੀ ਦੀਆਂ ਤਰੇਲੀਆਂ ਛੁੱਟ ਆਈਆਂ ਤੇ ਉਹ ਡਰ ਵੀ ਗਏ। ਉਹਨਾਂ ਫੇਰ ਉਹਨੂੰ ਸਮਝਾਇਆ ਕਿ ਤੇਰੇ ਖ਼ੰਭ ਹਾਲੇ ਬਹੁਤ ਛੋਟੇ ਨੇ ਤੇ ਉਹ ਛੋਟੀ ਜਿੰਨੀ ਉਡਾਰੀ ਭਰਨ ਦੇ ਵੀ ਯੋਗ ਨਹੀਂ। ਬੱਚਿਓ, ਚਿੜਾ-ਚਿੜੀ ਨੇ ਸਮਝਾਉਣ ਦੇ ਨਾਲ਼-ਨਾਲ਼ ਉਹਨੂੰ ਡਰਾਇਆ ਵੀ ਕਿ ਬਾਹਰਲ਼ੇ ਮਾਹੌਲ ਬਾਰੇ ਤੈਨੂੰ ਭੋਰਾ ਵੀ ਜਾਣਕਾਰੀ ਨਹੀਂ ਤੇ ਜੇ ਤੈਨੂੰ ਕਾਂ ਨੇ ਵੇਖ ਲਿਆ ਤਾਂ ਉਹਨੇ ਝੱਟ ਤੈਨੂੰ ਧੌਣ ਤੋਂ ਫੜ੍ਹਕੇ ਲੈ ਜਾਣਾ। ਜਦੋਂ ਤੁਸੀਂ ਸਾਡੇ ਪਿੱਛੇ ਬਾਹਰ ਨਿੱਕਲਓਗੇ ਤਾਂ ਅਸੀਂ ਥੋਨੂੰ ਉੱਡਣਾ ਵੀ ਸਿਖਾਉਂਦੇ ਰਹਾਂਗੇ ਤੇ ਚੋਗਾ ਵੀ ਦਿੰਦੇ ਰਹਾਂਗੇ।"

"ਦਾਦੀ ਮਾਂ, ਫੇਰ ਤਾਂ ਉਹ ਬੱਚਾ ਡਰਿਆ ਈ ਹੋਊ" ਬੱਚਿਆਂ ਨੇ ਆਪਣੇ ਮਾਂ-ਬਾਪ ਨੂੰ ਯਾਦ ਕੀਤਾ ਜਿਹੜੇ ਮਾੜੇ ਕੰਮਾਂ ਤੋਂ ਮੋੜਨ ਲਈ ਕਈ ਵਾਰ ਉਨ੍ਹਾਂ ਨੂੰ ਡਰਾਉਂਦੇ ਸਨ ਜਿਸ ਸਦਕਾ ਉਹ ਮਾੜੇ ਪਾਸੇ ਵੱਲ ਨਹੀਂ ਸਨ ਜਾਂਦੇ।

"ਸੁਣੋ ਤਾਂ ਸਈ ਨਿੱਕੜਿਓ, ਉਸ ਹਿੰਡੀ ਤੇ ਬੇ-ਪ੍ਰਵਾਹ ਬੱਚੇ ਨੇ ਚਿੜਾ-ਚਿੜੀ ਦੀਆਂ ਗੱਲਾਂ ਮਖ਼ੌਲ ਹੀ ਸਮਝੀਆਂ। ਦੁਪਹਿਰ ਢਲਣ ਮਗਰੋਂ ਜਦ ਚਿੜੀ ਚੋਗਾ ਲੈਣ ਲਈ ਖ਼ੇਤਾਂ ਵੱਲ ਗਈ ਹੋਈ ਸੀ ਤੇ ਚਿੜਾ ਵੀ ਅਵੇਸਲ਼ਾ ਜਿਹਾ ਬੈਠਾ ਸੀ ਤਾਂ ਉਹ ਬੱਚਾ ਭੰਬੀਰੀ ਵਾਂਗੂ ਘੁੰਮਦਾ ਆਲ੍ਹਣੇ 'ਚੋਂ ਬਾਹਰ ਵੱਲ ਨਿੱਕਲ ਗਿਆ।"

"ਫ਼ੇਰ ਦਾਦੀ ਮਾਂ ਕੀ ਉਹ ਚਿੜੀ ਮਗਰ ਚਲਿਆ ਗਿਆ?" ਬੱਚੇ, ਚਿੜੀ ਦੇ ਉਸ ਬੱਚੇ ਦੀ ਅਗਲੀ ਗੱਲ ਸੁਣਨ ਲਈ ਕਾਹਲ਼ੇ ਪੈ ਰਹੇ ਸਨ।

"ਉਹਨੂੰ ਕਿੱਥੇ ਪਤਾ ਸੀ ਬਈ ਚਿੜੀ ਕਿੱਧਰ

ਗਈ ਹੋਈ ਆ। ਉਹ ਹਵਾ 'ਚ ਖੜ੍ਹਾ ਈ ਫ਼ੰਡ ਮਾਰੀ ਜਾ ਰਿਹਾ ਸੀ ਜਿਵੇਂ ਤੁਸੀਂ ਆਪਣੇ ਟ੍ਰੈਕਟਰ-ਖਿਲੌਣੇ ਨੂੰ ਚਾਬੀ ਦੇ ਕੇ ਛੱਡਦੇ ਹੁੰਨੇ ਓਂ ਤੇ ਉਹ ਉੱਥੇ ਈ ਘੁੰਮਦਾ ਰਹਿੰਦਾ। ਫਿਰ ਉਹ ਬੱਚਾ ਘਰ ਦੇ ਵਿਹੜੇ 'ਚ ਖੜ੍ਹੀ ਨਿੰਮ੍ਹ ਦੀਆਂ ਟਹਿਣੀਆਂ 'ਚ ਫ਼ਸ ਗਿਆ। ਬੱਸ, ਐਨਾ-ਕੁ ਉੱਡਣ ਨਾਲ਼ ਈ ਉਹ ਸਾਹੋ-ਸਾਹ ਹੋ ਗਿਆ...ਬੱਚਿਓ, ਉਸੇ ਨਿੰਮ੍ਹ ਉੱਪਰ ਇੱਕ ਕਾਂ ਬੈਠਾ ਸੀ ਤੇ ਜਦ ਉਸਦੀ ਨਿਗ੍ਹਾ ਉਸ ਬੱਚੇ 'ਤੇ ਪਈ ਤਾਂ ਉਹ ਝਪਟ ਮਾਰ ਉਸਨੂੰ ਗਰਦਨ ਤੋਂ ਫੜ੍ਹ ਕੇ ਲੈ ਗਿਆ।''

ਕਹਾਣੀ ਸੁਣ ਤਿੰਨਾਂ ਬੱਚਿਆਂ ਦੇ ਚਿਹਰਿਆਂ ਉੱਪਰ ਉਦਾਸੀ ਛਾ ਗਈ। ਉਹਨਾਂ ਦੇ ਮਨਾਂ ਅੰਦਰ ਚਿੜੀ ਦੇ ਉਸ ਬੱਚੇ ਬਾਰੇ ਤਰਸ ਬਣ ਚੁੱਕਿਆ ਸੀ ਜਦਕਿ ਕਾਂ ਵਿਰੁੱਧ ਨਫ਼ਰਤ। ਪਰ ਜਦ ਦਾਦੀ-ਮਾਂ ਨੇ ਬੱਚਿਆਂ ਦੇ ਚਿਹਰਿਆਂ ਉੱਪਰਲੀ ਉਦਾਸੀ ਭਾਂਪ ਇਹ ਗੱਲ ਦੁਬਾਰਾ ਆਖੀ ਕਿ ਜੇ ਉਹ ਬੱਚਾ ਆਪਣੇ ਮਾਪਿਆਂ ਦਾ ਆਖਾ ਮੰਨ ਦੂਜੇ ਬੱਚਿਆਂ ਵਾਂਗ ਆਲ੍ਹਣੇ 'ਚ ਈ ਰਹਿੰਦਾ ਤਾਂ ਕੀ ਉਸ ਨਾਲ਼ ਇਹ ਦੁੱਖ ਵਾਲ਼ੀ ਗੱਲ ਨਾ ਵਾਪਰਦੀ। ਬੱਚਿਆਂ ਨੇ ਮਾਂ-ਬਾਪ ਕੋਲ਼ੋਂ ਸਿੱਖਿਅਤ ਹੋ ਕੇ ਈ ਉਨ੍ਹਾਂ ਰਾਹਾਂ 'ਤੇ ਜਾਣਾ ਹੁੰਦਾ-ਜਿਹੜੇ ਉਨ੍ਹਾਂ ਕਦੇ ਵੇਖੇ ਵੀ ਨਹੀਂ ਹੁੰਦੇ। ਮਾਂ-ਬਾਪ ਕੋਲ਼ ਜ਼ਿੰਦਗੀ ਜਿਉਣ ਦਾ ਤਜਰਬਾ ਹੁੰਦਾ, ਜਿਸ ਬਾਰੇ ਸਾਨੂੰ ਉਹ ਸਮੇਂ-ਸਮੇਂ ਸਿਰ ਦੱਸਦੇ ਵੀ ਰਹਿੰਦੇ ਆ ਪਰ ਜੇ ਬੱਚੇ ਬਿਨਾਂ ਕੁਝ ਜਾਣਿਆਂ, ਮਨ-ਮਾਨੀਆਂ ਕਰਨ ਲੱਗ ਜਾਣ ਤਾਂ ਉਹਨਾਂ ਦਾ ਹਾਲ ਚਿੜੀ ਦੇ ਏਸ ਬੱਚੇ ਵਰਗਾ ਈ ਬਣੇਗਾ।

ਦਾਦੀ ਮਾਂ ਚੁੱਪ ਕਰ ਗਈ। ਤਦ ਬੱਚੇ ਇੱਕਸੁਰ 'ਚ ਬੋਲੇ,'' ਚਿੜੀ ਦੇ ਏਸ ਬੱਚੇ ਆਲ਼ਾ ਹਾਲ ਉਹਨਾਂ ਦਾ ਈ ਹੋਊਗਾ-ਜਿਹੜੇ ਆਪਣੀਆਂ ਈ ਗੱਲਾਂ ਮੰਨਵਾਉਣ ਲਈ ਜ਼ਿੱਦਾਂ ਕਰਨਗੇ। ਅਸੀਂ ਤਾਂ ਉਹੀ ਕੁਝ ਕਰਦੇ ਆਂ ਜੋ ਕਰਨ ਲਈ ਮੰਮੀ-ਪਾਪਾ ਆਖਿਆ ਕਰਦੇ ਨੇ।''

''ਸ਼ਾਬਾਸ਼ ਬੱਚਿਓ ਸ਼ਾਬਾਸ਼!।ਤੁਸੀਂ ਜ਼ਿੰਦਗੀ 'ਚ ਕਦੇ ਵੀ ਧੋਖਾ ਨਹੀਂ ਖਾਓਗੇ'' ਕਹਾਣੀ ਸੁਣਾ ਦਾਦੀ ਮਾਂ ਬੱਚਿਆਂ ਦੇ ਨਾਲ਼ ਹੀ ਪੈ ਗਈ।

ਕਹਾਣੀ

ਅੰਜੂ ਵ ਰੱਤੀ

# ਸਮਝ

ਸੱਤਵੀਂ ਜਮਾਤ ਵਿੱਚ ਪੜ੍ਹਦੇ ਸਿਮਰਨ ਨੂੰ ਸਕੂਲ ਤੋਂ ਛੁੱਟੀਆਂ ਸਨ। ਉਹ ਰੋਜ਼ਾਨਾ ਵਾਂਗ ਅੱਜ ਵੀ ਸਵੇਰੇ ਦਸ ਕੁ ਵਜੇ ਸੁੱਤਾ ਉੱਠਿਆ ਤੇ ਮੋਬਾਈਲ ਫ਼ੋਨ ਤੇ ਗੇਮ ਖੇਡਣ ਲੱਗ ਗਿਆ। ਰੋਜ਼ ਦੇ ਵਤੀਰੇ ਤੋਂ ਉਸਦੀ ਮਾਂ ਬੜੀ ਪ੍ਰੇਸ਼ਾਨ ਸੀ। ਸਕੂਲ ਦਾ ਕੰਮ ਜਾਂ ਸਰੀਰਕ ਕਸਰਤ ਤਾਂ ਬਹੁਤ ਦੂਰ ਦੀ ਗੱਲ ਸੀ ਉਹ ਤਾਂ ਖਾਣਾ-ਪਾਣੀ ਵੀ ਬੈੱਡ 'ਤੇ ਹੀ ਮੰਗਦਾ ਸੀ।

ਇੱਕ ਦਿਨ ਦੁਪਹਿਰ 12 ਕੁ ਵਜੇ ਉਸਨੇ ਆਵਾਜ ਮਾਰੀ, ''ਮੰਮੀ, ਭੁੱਖ ਲੱਗੀ ਐ, ਜਲਦੀ ਕੁਝ ਖਾਣ ਲਈ ਦਿਓ।'' ਪੰਜ ਕੁ ਮਿੰਟ ਘਰ ਵਿੱਚ ਚੁੱਪੀ ਛਾਈ ਰਹੀ। ਮਾਂ ਨੇ ਨਾ ਤਾਂ ਕੋਈ ਜਵਾਬ ਦਿੱਤਾ, ਨਾ ਹੀ ਸਿਮਰਨ ਲਈ ਕੁਝ ਖਾਣ ਨੂੰ ਲਿਆਂਦਾ। ਸਿਮਰਨ ਝੁੰਝਲਾਹਟ ਵਿੱਚ ਫਿਰ ਬੋਲਿਆ, ''ਮੰਮੀ, ਸੁਣਦਾ ਨਹੀਂ ਤੁਹਾਨੂੰ, ਮੇਰੀ ਭੁੱਖ ਨਾਲ ਜਾਨ ਨਿਕਲ ਰਹੀ ਐ।''

ਮਾਂ ਫਿਰ ਵੀ ਚੁੱਪ ਰਹੀ। ਆਖ਼ਿਰ ਸਿਮਰਨ ਬੈੱਡ ਤੋਂ ਉੱਤਰ ਕੇ ਬਾਹਰ ਆਇਆ ਤੇ ਦੇਖਿਆ ਕਿ ਮਾਂ ਫ਼ੋਨ ਲੈ ਕੇ ਬੈਠੀ ਸੀ। ''ਮੰਮੀ, ਤੁਹਾਨੂੰ ਸੁਣਿਆ ਨਹੀਂ? ਕੀ ਕਰੀ ਜਾਂਦੇ ਹੋ? ਫ਼ੋਨ ਨੂੰ ਛੱਡੋ ਤੇ ਮੈਨੂੰ ਕੁਝ ਖਾਣ ਲਈ ਬਣਾ ਕੇ ਦਿਓ।'' ਉਹ ਮਿੰਨਤ ਜਿਹੀ ਨਾਲ਼ ਬੋਲਿਆ। ''ਰੁੱਕ ਜਾ ਬੇਟਾ, ਅੱਜ ਮੈਂ ਨਵੀਆਂ-ਨਵੀਆਂ ਚੀਜਾਂ ਪਕਾਉਣੀਆਂ ਸਿੱਖ ਰਹੀ ਹਾਂ, ਮੈਂ ਅਜੇ ਉੱਠ ਨਹੀਂ ਸਕਦੀ, ਤੂੰ ਮੈਨੂੰ ਡਿਸਟਰਬ ਨਾ ਕਰ।'' ਕਹਿ ਕੇ ਮਾਂ ਨੇ ਜਾਣ ਬੁੱਝ ਕੇ ਸਾਰਾ ਧਿਆਨ ਫ਼ੋਨ ਵੱਲ ਕਰ ਲਿਆ। ਮੰਮੀ, ਕੀ ਅੱਜ ਖਾਣਾ ਨਹੀਂ ਬਣੇਗਾ? ਮੈਂ ਭੁੱਖਾ ਹੀ ਰਹੂੰਗਾ? ਸਿਮਰਨ ਦੀ ਆਵਾਜ ਵਿੱਚ ਬੜੀ ਹਲੀਮੀ ਸੀ।

''ਕੀ ਹੋਇਆ ਬੇਟਾ? ਮੈਨੂੰ ਤਾਂ ਇੱਕ ਦਿਨ ਵੀ ਪੂਰਾ ਨਹੀਂ ਹੋਇਆ ਫ਼ੋਨ ਦੇਖਦਿਆਂ, ਤੂੰ ਤਾਂ ਸਾਰਾ ਦਿਨ ਫ਼ੋਨ ਤੇ ਹੀ ਗ਼ੇਮ ਖੇਡਦਾ ਰਹਿੰਦਾ ਏਂ, ਕਿਸੇ ਦਾ ਕਹਿਣਾ ਨਹੀਂ ਮੰਨਦਾ, ਨਾ ਪੜ੍ਹਾਈ ਨਾ ਕਸਰਤ, ਘਰ ਵਿੱਚ ਹੋ ਕੇ ਵੀ ਘਰੋਂ ਗ਼ੈਰ ਹਾਜ਼ਿਰ ਈ ਹੁੰਦਾ ਏਂ।'' ਮਾਂ ਨੇ ਪਿਆਰ ਨਾਲ਼ ਕਿਹਾ।

''ਸੌਰੀ ਮੰਮੀ ਜੀ, ਮੈਂ ਸਮਝ ਗਿਆ ਹਾਂ ਤੁਸੀਂ ਕੀ ਕਹਿਣਾ ਚਾਹੁੰਦੇ ਹੋ।'' ਸਿਮਰਨ ਨੇ ਮਾਂ ਨੂੰ ਜੱਫ਼ੀ ਪਾਉਂਦਿਆਂ ਕਿਹਾ ਤੇ ਗੇਮ ਬੰਦ ਕਰ ਕੇ ਫ਼ੋਨ ਪਰੇ ਰੱਖ ਦਿੱਤਾ। ''ਅੱਜ ਆਪਾਂ ਦੋਵੇਂ ਮਿਲ ਕੇ ਨਵੀਂ ਡਿਸ਼ ਬਣਾਵਾਂਗੇ ਤੇ ਰਲ਼ ਕੇ ਖਾਵਾਂਗੇ।'' ਸਿਮਰਨ ਨੇ ਪਿਆਰ ਭਰੀ ਆਵਾਜ ਵਿੱਚ ਮਾਂ ਨੂੰ ਕਿਹਾ। ਸ਼ਾਇਦ ਉਹ ਮਾਂ ਦਾ ਇਸ਼ਾਰਾ ਸਮਝ ਗਿਆ ਸੀ।

ਬਲਜਿੰਦਰ ਮਾਨ
98150-18947



# ਬਾਲ ਜੀਵਨ ਵਿੱਚ ਨੈਤਿਕਤਾ ਕਿਵੇਂ ਝਲਕੇ?

ਸਾਡੇ ਜੀਵਨ ਦਾ ਸਫ਼ਰ ਬੜਾ ਥੋੜ੍ਹਾ ਹੈ। ਇਸ ਲਈ ਸਾਨੂੰ ਆਪਣਾ ਨਜ਼ਰੀਆ ਅਤੇ ਸੋਚ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣਾ ਚਾਹੀਦਾ ਹੈ। ਕਦੀ ਗਿਲਾਸ ਅੱਧਾ ਖ਼ਾਲੀ ਨਾ ਦੇਖੋ, ਸਗੋਂ ਭਰੇ ਹੋਏ ਗਿਲਾਸ ਦੀ ਮਹੱਤਤਾ ਨੂੰ ਜਾਣੋ। ਜੋ ਆਪਣੇ ਕੋਲ਼ ਹੈ ਉਸਦੀ ਅਸੀਂ ਕਦੀ ਕਦਰ ਨਹੀਂ ਕਰਦੇ। ਜੋ ਨਹੀਂ ਹੈ ਉਸਦੀ ਲਾਲਸਾ ਵਿੱਚ ਕੋਲ਼ ਪਈਆਂ ਸਹੂਲਤਾਂ ਦਾ ਆਨੰਦ ਵੀ ਗੁਆ ਬੈਠਦੇ ਹਾਂ। ਇਸ ਲਈ ਇਸ ਛੋਟੇ ਜਿਹੇ ਜੀਵਨ ਨੂੰ ਪਿਆਰ, ਸਤਿਕਾਰ ਅਤੇ ਉਸਾਰੂ ਸੋਚ ਨਾਲ਼ ਸੁਖਮਈ ਬਣਾਈ ਰੱਖਣਾ ਚਾਹੀਦਾ ਹੈ।

ਬੱਚਿਆਂ ਅੰਦਰ ਉਚੇਰੀਆਂ ਕਦਰਾਂ ਕੀਮਤਾਂ ਦਾ ਸੰਚਾਰ ਉਸਦੀ ਮਾਤਾ, ਪਰਿਵਾਰ, ਅਧਿਆਪਕ ਅਤੇ ਸਮਾਜ ਨੇ ਕਰਨਾ ਹੁੰਦਾ ਹੈ। ਇੱਥੇ ਅਸੀ ਮਾਂ ਦੀ ਭੂਮਿਕਾ ਨੂੰ ਗੁਰੂ ਸਮਾਨ, ਇਸ ਕਰਕੇ ਮੰਨਦੇ ਹਾਂ ਕਿ ਉਹ ਸਾਡੀ ਪਾਲਕ ਅਤੇ ਸੰਚਾਲਕ ਹੈ। ਜਿੱਥੇ ਉਹ ਸਾਨੂੰ ਨਰੋਈ ਦੇਹੀ ਪ੍ਰਦਾਨ ਕਰਦੀ ਹੈ। ਉੱਥੇ ਚੰਗੇ ਗੁਣਾਂ ਦਾ ਖਜ਼ਾਨਾ ਵੀ ਦਿੰਦੀ ਹੈ। ਮਿਹਨਤ, ਹਿੰਮਤ, ਪਿਆਰ ਲਗਨ, ਹੌਂਸਲਾ, ਦ੍ਰਿੜ੍ਹਤਾ, ਆਦਰ, ਸਤਿਕਾਰ ਆਦਿ ਅਨੇਕਾਂ ਗੁਣ ਮਾਂ ਦੀ ਗੋਦੀ ਚੋਂ ਹੀ ਨਸੀਬ ਹੁੰਦੇ ਹਨ। ਇੱਥੇ ਹੀ ਬਸ ਨਹੀਂ ਸਗੋਂ ਉਹ ਬੱਚੇ ਨੂੰ ਚੋਰ, ਡਾਕੂ, ਲੀਡਰ, ਵਪਾਰੀ ਅਤੇ ਪਤਾ ਨਹੀਂ ਕੀ ਕੁਝ ਬਣਾਉਂਦੀ ਹੈ। ਇਸ ਵਾਸਤੇ ਮਾਤਾ ਨੇ ਹਮੇਸ਼ਾ ਸਾਡੇ ਅੰਦਰ ਉਚੇਰੀਆਂ ਕਦਰਾਂ ਕੀਮਤਾਂ ਭਰੀਆਂ ਹੁੰਦੀਆਂ ਹਨ।

ਮਾਂ ਅਤੇ ਪਰਿਵਾਰ ਵੱਲੋਂ ਜਿਹੜੇ ਗੁਣ ਉਹਨਾਂ ਕੋਲ਼ ਹੁੰਦੇ ਹਨ ਉਹ ਆਪਣੇ ਬੱਚਿਆਂ ਵਿੱਚ ਅਚੇਤ ਮਨ ਨਾਲ਼ ਹੀ ਭਰਦੇ ਜਾਂਦੇ ਹਨ। ਅਸਲ ਵਿੱਚ ਬੱਚੇ ਸਭ ਕੁਝ ਸਾਡੇ ਕੋਲ਼ੋਂ ਹੀ ਸਿੱਖਦੇ ਹਨ। ਜਦੋਂ ਬੱਚਾ ਬੋਲਣਾ ਸਿੱਖਦਾ ਹੈ ਉਦੋਂ ਤੋਂ ਹੀ ਉਸਦੀ ਭਾਸ਼ਾ ਅਤੇ ਬੋਲੀ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸੀਂ ਵੱਡੇ ਪਰਿਵਾਰਕ ਮੈਂਬਰ ਘਰ ਵਿੱਚ ਜਿਵੇਂ ਆਪਸੀ ਵਿਹਾਰ ਜਾਂ ਤਕਰਾਰ ਕਰਦੇ ਹਾਂ, ਨਿੱਕੜਾ ਬਾਲ ਵੀ ਉਸੇ ਤਰ੍ਹਾਂ ਸਾਡੀਆਂ ਨਕਲਾਂ ਕਰਦਾ ਆਦਤਾਂ ਵਿਕਸਤ ਕਰ ਲੈਂਦਾ ਹੈ। ਅਸੀਂ ਸਭ ਜਾਣਦੇ ਹਾਂ ਕਿ ਬੱਚੇ ਨੂੰ ਝੂਠ ਦਾ ਸਬਕ ਅਸੀਂ ਹੀ ਸਿਖਾਉਂਦੇ ਹਾਂ। ਜਦੋਂ ਇੱਕ ਬਾਪ ਬਾਹਰ ਆਏ ਸੱਜਣ ਨੂੰ ਬੇਟੇ ਹੱਥ ਇਹ ਸੁਨੇਹਾ ਭੇਜਦਾ ਹੈ, "ਬੇਟੇ ਜਾਹ ਅੰਕਲ ਨੂੰ ਕਹਿ ਕਿ ਡੈਡੀ ਘਰ ਨਹੀਂ ਹਨ" ਤਾਂ ਇਸ ਹਰਕਤ ਨਾਲ਼ ਅਸੀਂ ਬੱਚੇ ਨੂੰ ਅਚੇਤ ਮਨ ਹੀ ਝੂਠ ਦਾ ਪਾਠ ਸਿਖਾ ਦਿੱਤਾ। ਇਸੇ ਤਰ੍ਹਾਂ ਦੀਆਂ ਅਨੇਕਾਂ ਚਲਾਕੀਆਂ ਸਾਡੇ ਬੱਚਿਆਂ ਦੀ ਮਾਨਸਿਕਤਾ ਤੇ ਅਮਿੱਟ ਅਸਰ ਕਰਦੀਆਂ ਹਨ।

ਅਸੀਂ ਜਿਸ ਤਰ੍ਹਾਂ ਦੇ ਸਮਾਜ ਵਿੱਚ ਰਹਿੰਦੇ ਹਾਂ ਉਸਦਾ ਸਿੱਧਾ ਅਸਰ ਬੱਚਿਆਂ ਦੀ ਸਖ਼ਸ਼ੀਅਤ ਤੇ ਪੈਂਦਾ ਹੈ। ਜਿਹੜੇ ਗੁਣ ਅਸੀਂ ਬੱਚੇ ਨੂੰ ਘਰ ਜਾਂ ਸਕੂਲ ਵਿੱਚ ਸਿਖਾਉਂਦੇ ਹਾਂ, ਜੇਕਰ ਉਹ ਸਮਾਜ ਵਿੱਚ ਤੁਰਦਿਆਂ-ਫਿਰਦਿਆਂ ਉਸਦੇ ਨਜ਼ਰੀ ਨਹੀਂ ਪੈਂਦੇ ਫਿਰ ਵੀ ਉਸਦਾ ਮਨ ਵਲੂੰਧਰਿਆਂ ਜਾਂਦਾ ਹੈ। ਇਸ ਸਭ ਕਾਸੇ ਸੰਬੰਧੀ

ਇਹ ਜ਼ਰੂਰੀ ਹੈ ਕਿ ਬੱਚੇ ਵਿੱਚ ਅਜਿਹੇ ਹੁਣ ਏਨੇ ਪਕੇਰੇ ਕੀਤੇ ਜਾਣ ਕਿ ਉਹ ਨੈਗੇਟਿਵ ਹਾਲਤਾਂ ਵਿੱਚ ਵੀ ਆਪਣਾ ਮਾਨਸਿਕ ਸੰਤੁਲਨ ਵਿਗੜਨ ਨਾ ਦੇਵੇ ਅਤੇ ਨੈਤਿਕਤਾ ਦਾ ਲੜ ਘੁੱਟ ਕੇ ਫੜੀ ਰੱਖੇ। ਕਿਸੇ ਨੇ ਸੱਚ ਹੀ ਕਿਹਾ ਹੈ ਇੱਥੇ ਸਭ ਪਾਸੇ ਕੰਡੇ ਖਿਲਰੇ ਪਏ ਨੇ ਜਿਹਨਾਂ ਨੂੰ ਅਸੀਂ ਸਾਫ਼ ਨਹੀਂ ਕਰ ਸਕਦੇ ਪਰ ਅਸੀਂ ਆਪਣੇ ਪੈਰਾਂ ਵਿੱਚ ਬੂਟ ਜ਼ਰੂਰ ਪਾ ਸਕਦੇ ਹਾਂ ਤਾਂ ਕਿ ਕੰਡਿਆਂ ਤੋਂ ਬਚੇ ਰਹੀਏ। ਭਾਵ ਸਮਾਜ ਦੇ ਨਿਘਾਰਾਂ ਵੱਲ ਨਹੀਂ ਸਗੋਂ ਸਿਖ਼ਰਾਂ ਵੱਲ ਵਧਣਾ ਹੈ।

ਸਕੂਲ ਨੂੰ ਇੱਕ ਮੰਦਰ ਦਾ ਦਰਜਾ ਦਿੱਤਾ ਗਿਆ ਹੈ ਅਤੇ ਅਧਿਆਪਕਾਂ ਨੂੰ ਗੁਰੂ ਦਾ। ਸੋ ਗੁਰੂ ਅਤੇ ਸਿੱਖ ਦਾ ਰਿਸ਼ਤਾ ਕਿੰਨਾ ਪਵਿੱਤਰ ਅਤੇ ਮਾਣ ਸਤਿਕਾਰ ਵਾਲ਼ਾ ਹੈ। ਜਿਸਦਾ ਕੋਈ ਆਦਿ ਅੰਤ ਹੀ ਨਹੀਂ ਹੈ। ਪੜ੍ਹਾਈ ਦੇ ਨਾਲ਼ ਉਸ ਅੰਦਰ ਈਮਾਨਦਾਰੀ, ਮਿਹਨਤ, ਸਫ਼ਾਈ, ਆਦਰ ਵਰਗੇ ਅਨੇਕਾਂ ਗੁਣਾਂ ਨੂੰ ਭਰਿਆ ਜਾਂਦਾ ਹੈ। ਅਧਿਆਪਕ ਦੀ ਸ਼ਖ਼ਸ਼ੀਅਤ ਦਾ ਸਿੱਧਾ ਪ੍ਰਭਾਵ ਬੱਚੇ ਤੇ ਪੈਂਦਾ ਹੈ। ਜਿਵੇਂ-ਜਿਵੇਂ ਉਸਦੇ ਰਾਹ ਰੌਸ਼ਨ ਹੁੰਦੇ ਜਾਂਦੇ ਹਨ। ਉਹ ਜੀਵਨ ਦੀ ਜੰਗ ਨੂੰ ਬਾਖੂਬੀ ਲੜਨ ਦੇ ਕਾਬਿਲ ਬਣਦਾ ਜਾਂਦਾ ਹੈ। ਕਾਬਲੀਅਤ ਨਾਲ਼ ਹੀ ਅਸੀਂ ਚੰਗੇ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ। ਨੈਤਿਕਤਾ ਦਾ ਅਸਲੀ ਭਾਵ ਵੀ ਇਹੀ ਹੈ ਕਿ ਅਸੀਂ ਸਮਾਜਿਕ ਜੀਵ ਹਾਂ। ਇਸ ਲਈ ਇੱਥੇ ਹਰ ਜੀਵ ਦਾ ਜਿਊਣਾ ਉਸਦਾ ਮੁੱਢਲਾ ਹੱਕ ਹੈ। ਇਸ ਲਈ ਕਿਸੇ ਦਾ ਹੱਕ ਮਾਰਨਾ, ਹੇਰਾਫੇਰੀ, ਚੋਰੀ, ਝੂਠ ਆਦਿ ਅਨੈਤਿਕ ਗੱਲਾਂ ਹਨ। ਅੱਜ-ਕੱਲ੍ਹ ਸਕੂਲਾਂ ਵਿੱਚ ਨੈਤਿਕ ਸਿੱਖਿਆ ਦੀਆਂ ਵੱਖਰੀਆਂ ਪੁਸਤਕਾਂ ਸਿਲੇਬਸ ਵਿੱਚ ਲਗਾਈਆਂ ਗਈਆਂ ਹਨ। ਅਸਲ ਵਿੱਚ ਭਾਸ਼ਾਵਾਂ ਦੇ ਸਿਲੇਬਸ ਵਿੱਚ ਸ਼ਾਮਿਲ ਲੇਖ, ਕਹਾਣੀਆਂ, ਕਵਿਤਾਵਾਂ ਅਤੇ ਨਾਟਕ ਆਦਿ ਸਭ ਸਾਡੇ ਅੰਦਰ ਨੈਤਿਕ ਕਦਰਾਂ ਕੀਮਤਾਂ ਦਾ ਹੀ ਸੰਚਾਰ ਕਰਦੇ ਹਨ। ਸਾਡਾ ਆਪਸੀ ਵਿਹਾਰ ਹੀ ਸਾਡੇ ਨੈਤਿਕ ਜਾਂ ਅਨੈਤਿਕ ਹੋਣ ਦਾ ਖੁਲਾਸਾ ਕਰਦਾ ਹੈ।

ਪੁਸਤਕਾਂ ਅਤੇ ਗ੍ਰੰਥਾਂ ਨੂੰ ਪੜ੍ਹਨ ਪੜ੍ਹਾਉਣ ਦਾ ਤਦ ਹੀ ਲਾਭ ਹੈ, ਜੇਕਰ ਉਹਨਾਂ ਵਿੱਚ ਦਰਜ ਤੱਥਾਂ ਨੂੰ ਜੀਵਨ ਵਿੱਚ ਅਪਣਾਇਆ ਜਾਵੇ। ਭਾਵ ਅਸੀਂ ਵੱਡਿਆਂ ਨੂੰ ਸਤਿਕਾਰਨਾ, ਬਰਾਬਰ ਦਿਆਂ ਨੂੰ ਵਿਚਾਰਨਾ ਅਤੇ ਛੋਟਿਆਂ ਨੂੰ ਦੁਲਾਰਨੇ ਦਾ ਪਾਠ ਅਮਲੀ ਜੀਵਨ ਵਿੱਚ ਅਪਨਾਉਣਾ ਹੈ। ਅਸੀਂ ਸਾਰੇ ਇਸ ਸਮਾਜਿਕ ਤਾਣੇ ਬਾਣੇ ਦੇ ਅਹਿਮ ਅੰਗ ਹਾਂ। ਇਸ ਲਈ ਬਿਨਾਂ ਕਿਸੇ ਵਿਤਕਰੇ ਦੇ ਸਭ ਨਾਲ਼ ਇਮਾਨਦਾਰੀ ਵਾਲ਼ੀ ਮਿਲਵਰਤੋਂ, ਭਾਈ ਘਨੱਈਆ ਜੀ ਵਾਲ਼ੀ ਸਹਾਇਤਾ, ਸਰਵਣ ਪੁੱਤਰ ਵਾਂਗ ਰਿਸ਼ਤਿਆਂ ਦੀ ਕਦਰ, ਸ਼੍ਰੀ ਰਾਮ ਜੀ ਵਾਂਗ ਬੋਲ ਪੁਗਾਉਣੇ, ਗ਼ਿਲੇ ਸ਼ਿਕਵੇ ਨਾ ਕਰਨੇ, ਵਾਤਾਵਰਨ ਦੀ ਸਾਂਭ-ਸੰਭਾਲ਼, ਮਿੱਠੀ ਬੋਲ ਬਾਣੀ, ਜੀਵਨ ਦੀਆਂ ਉਚੇਰੀਆਂ ਕਦਰਾਂ ਕੀਮਤਾਂ ਸਾਡੀ ਨੈਤਿਕਤਾ ਨੂੰ ਬਿਆਨ ਕਰਦੀਆਂ ਹਨ।

ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਦੋ ਧਾਰੀ ਤਲਵਾਰ ਵਾਂਗ ਸਾਡੀ ਨਵੀਂ ਪਨੀਰੀ ਨੂੰ ਰਫ਼ਲਾਂ, ਸ਼ਕਲਾਂ ਅਤੇ ਨਸ਼ਿਆਂ ਦੇ ਜਾਲ਼ ਵਿੱਚ ਫਸਾ ਕੇ ਨੈਤਿਕਤਾ ਨੂੰ ਬੜੀ ਬੁਰੀ ਤਰ੍ਹਾਂ ਖੋਰਾ ਲਾ ਰਿਹਾ ਹੈ। ਬਾਲ ਮਨ ਦਾ ਵਿਚਲਤ ਹੋਣਾ ਸੁਭਾਵਿਕ ਹੀ ਹੁੰਦਾ ਹੈ। ਉਸਨੂੰ ਅਸਲੀ ਅਤੇ ਨਕਲੀ ਦੇ ਅੰਤਰ ਦਾ ਗਿਆਨ ਨਾ ਹੋਣ ਕਰਕੇ ਸਸਤੀ ਅਤੇ ਸੌਖੀ ਰਾਹੇ ਅਪਣਾਉਣਾ ਚਾਹੁੰਦਾ ਹੈ। ਜੋ ਅਸਲੀ ਜੀਵਨ ਵਿੱਚ ਸੁਭਾਵਿਕ ਨਹੀਂ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੁਝ ਲੋਕ ਇਸਦੀ ਸਹੀ ਵਰਤੋਂ ਨਾਲ਼ ਸਾਨੂੰ ਸਹੀ ਮਾਰਗ ਵੀ ਦਿਖਾ ਰਹੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਜਥਾ ਰਾਜਾ ਤਥਾ ਪਰਜਾ। ਸਾਡੇ ਆਗੂਆਂ ਨੇ ਸਾਡੇ ਰਾਹ ਦਸੇਰੇ ਬਣਨਾ ਹੈ। ਤੁਸੀਂ ਭਲੀ ਭਾਂਤ ਜਾਣਦੇ ਹੋ ਕਿ ਅਜੋਕੇ ਰਾਜਨੀਤਿਕ ਢਾਂਚੇ ਵਿੱਚ ਸਾਡੇ ਕੋਲ਼ ਉਦਾਹਰਨ ਦੇਣ ਲਈ ਕਿੰਨੇ ਕੁ ਆਗੂ ਮੌਜੂਦ ਹਨ।

ਬੱਚਿਆਂ ਲਈ ਆਦਰਸ ਮਨੁੱਖ ਲੱਭਣਾ ਵੱਡੀ ਸਮੱਸਿਆ ਬਣੀ ਹੋਈ ਹੈ। ਨੈਤਿਕ ਕਦਰਾਂ ਕੀਮਤਾਂ ਵਿੱਚ ਕਈ ਸਮਾਜਿਕ ਰਹੁ ਰੀਤਾਂ ਸਮੇਂ ਦੀ ਤੋਰ ਨਾਲ਼ ਆਪਣਾ ਮੁੱਲ ਵੀ ਗੁਆ ਚੁੱਕੀਆਂ ਹਨ। ਜਿਵੇਂ ਕਿਸੇ ਜ਼ਮਾਨੇ ਘੁੰਡ ਨੂੰ ਸਮਾਜ ਵਿੱਚ ਬੜਾ ਆਦਰ ਮਿਲਦਾ ਸੀ। ਇਸੇ ਤਰਾਂ ਨੈਤਿਕਤਾ ਅਤੇ ਉਚੇਰੀਆਂ ਕਦਰਾਂ ਕੀਮਤਾਂ ਸਮੇਂ ਦੀ ਲੋੜ ਅਨੁਸਾਰ ਆਪਣਾ ਰੰਗ ਰੂਪ ਬਦਲਦੀਆਂ ਰਹਿੰਦੀਆਂ ਹਨ। ਕਿਸੇ ਜ਼ਮਾਨੇ ਸਾਡੇ ਸਾਂਝੇ ਪਰਿਵਾਰ ਮਹਾਨ ਸਨ ਤੇ ਅੱਜ ਦੀਆਂ ਆਰਥਿਕ ਲੋੜਾਂ ਛੋਟੇ ਪਰਿਵਾਰ ਸਿਸਟਮ ਨੂੰ ਵਿਕਸਤ ਕਰ ਦਿੱਤਾ ਹੈ। ਸੋ ਆਓ ਆਪਾਂ ਬਦਲਦੇ ਹਾਲਤਾਂ ਨਾਲ਼ ਆਪਣੇ ਕਦਮ ਮਿਲਾਉਂਦੇ ਹੋਏ ਆਪਣੀ ਉਚੇਰੀ ਸੋਚ ਅਤੇ ਨੈਤਿਕ ਕਦਰਾਂ ਕੀਮਤ ਦਾ ਲੜ ਨਾ ਛੱਡੀਏ। ਜਿੱਥੇ ਵੀ ਜਾਈਏ ਸਾਡੇ ਵਿੱਚੋਂ ਨੈਤਿਕਤਾ ਝਲਕਾਰੇ ਮਾਰੇ।

ਸੰਜੀਵ ਸਿੰਘ ਸੈਣੀ
78889-66168



# ਆਪਣੇ ਹੁਨਰ ਨੂੰ ਤਰਾਸ਼ੋ

ਜ਼ਿੰਦਗੀ ਖ਼ੂਬਸੂਰਤ ਹੈ। ਜ਼ਿੰਦਗੀ ਵਿੱਚ ਹਰ ਪਲ ਦਾ ਆਨੰਦ ਮਾਣੋ। ਹਰ ਇਨਸਾਨ ਵਿੱਚ ਚੰਗੇ ਗੁਣ ਵੀ ਹੁੰਦੇ ਹਨ, ਤੇ ਮਾੜੇ ਗੁਣ ਵੀ ਹੁੰਦੇ ਹਨ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਵਿੱਚ ਕੋਈ ਨਾ ਕੋਈ ਕਾਬਲੀਅਤ ਹੁੰਦੀ ਹੈ। ਆਪਣੀ ਕਾਬਲੀਅਤ ਨੂੰ ਦੂਜਿਆਂ ਸਾਹਮਣੇ ਜ਼ਰੂਰ ਰੱਖਣਾ ਚਾਹੀਦਾ ਹੈ। ਹਰ ਇਨਸਾਨ ਦਾ ਆਪਣੇ ਆਪ ਨੂੰ ਪੇਸ਼ ਕਰਨ ਦਾ ਵੱਖ-ਵੱਖ ਨਜ਼ਰੀਆ ਹੁੰਦਾ ਹੈ। ਕੋਈ ਇਨਸਾਨ ਮੈਡੀਕਲ ਖੇਤਰ ਵਿੱਚ ਜਾਂਦਾ ਹੈ, ਕੋਈ ਇੰਜੀਨੀਅਰ, ਕੋਈ ਖਿਡਾਰੀ, ਕੋਈ ਕਾਨੂੰਨ, ਕੋਈ ਏਅਰ ਫੋਰਸ, ਆਰਮੀ ਕੋਈ ਵਿਦੇਸ਼। ਕਹਿਣ ਦਾ ਮਤਲਬ ਇਹ ਕਿ ਜਿਹੜੇ ਖ਼ੇਤਰ ਵਿੱਚ ਇਨਸਾਨ ਦੀ ਦਿਲਚਸਪੀ ਹੁੰਦੀ ਹੈ, ਉਸ ਖੇਤਰ ਵਿੱਚ ਜਾਂਦਾ ਹੈ। ਕਿਸੇ ਦਾ ਡਰਾਇੰਗ, ਪੇਂਟਿੰਗ ਕਰਨ ਦਾ ਸ਼ੌਕ ਹੁੰਦਾ ਹੈ। ਆਪਣੇ ਹੁਨਰ ਨੂੰ ਦੂਜਿਆਂ ਸਾਹਮਣੇ ਜ਼ਰੂਰ ਉਜਾਗਰ ਕਰਨਾ ਚਾਹੀਦਾ ਹੈ।

ਕਹਿਣ ਦਾ ਮਤਲਬ ਇਹ ਹੈ ਕਿ ਜਿਸ ਵਿਅਕਤੀ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਹੁਨਰ ਹੈ, ਉਸ ਮੁਤਾਬਕ ਉਸ ਨੂੰ ਮਿਹਨਤ, ਯਤਨ ਜ਼ਰੂਰ ਕਰਨੇ ਚਾਹੀਦੇ ਹਨ। ਆਪਣੇ ਅੰਦਰ ਜ਼ਰੂਰ ਝਾਤੀ ਮਾਰ ਲੈਣੀ ਚਾਹੀਦੀ ਹੈ। ਸਵੈ ਪੜਚੋਲ ਕਰਨਾ ਚਾਹੀਦਾ ਹੈ। ਜਿੰਨਾ ਵੀ ਸਾਡੇ ਕੋਲ਼ ਹੈ, ਉਸ ਵਿੱਚ ਸਬਰ ਸੰਤੋਖ ਕਰਨਾ ਚਾਹੀਦਾ ਹੈ। ਆਪਣੇ ਥੱਲੇ ਵੀ ਝਾਤੀ ਮਾਰ ਕੇ ਦੇਖੋ, ਜਿਨ੍ਹਾਂ ਕੋਲ ਰਹਿਣ ਲਈ ਘਰ ਤੱਕ ਵੀ ਨਹੀਂ ਹਨ। ਹਰ ਛੋਟੀ-ਛੋਟੀ ਗੱਲ ਤੇ ਗ਼ਿਲਾ-ਸ਼ਿਕਵਾ ਨਹੀਂ ਕਰਨਾ ਚਾਹੀਦਾ। ਪਰਮਾਤਮਾ ਦੇ ਹਮੇਸ਼ਾਂ ਸ਼ੁਕਰ ਗੁਜ਼ਾਰ ਰਹੋ।

ਅਕਸਰ ਅਸੀਂ ਦੇਖਦੇ ਹਾਂ ਕਿ ਵੱਡੇ ਸ਼ਹਿਰਾਂ ਵਿੱਚ ਕਈ ਗਰੀਬ ਪਰਿਵਾਰ ਵੱਡੇ-ਵੱਡੇ ਪਾਈਪਾਂ ਵਿੱਚ ਰਹਿੰਦੇ ਹਨ। ਜਾਂ ਜੋ ਝੁੰਗੀ, ਝੋਪੜੀਆਂ ਵਾਲੇ ਹੁੰਦੇ ਹਨ ਉਹ ਹਰ ਰੋਜ ਕਮਾਉਂਦੇ ਹਨ। ਫਿਰ ਵੀ ਉਹਨਾਂ ਦੇ ਚਿਹਰੇ ਤੇ ਖ਼ੁਸ਼ੀ ਹੁੰਦੀ ਹੈ। ਉਹ ਵਰਤਮਾਨ ਬਾਰੇ ਸੋਚਦੇ ਹਨ। ਭਵਿੱਖ ਦੀ ਬਿਲਕੁਲ ਵੀ ਫ਼ਿਕਰ ਨਹੀਂ ਕਰਦੇ।

ਅੱਜ ਦੇ ਜ਼ਮਾਨੇ ਵਿੱਚ ਪੈਸੇ ਦੀ ਹੋੜ ਜ਼ਿਆਦਾ ਹੈ। ਭਰਾ-ਭਰਾ ਦਾ ਦੁਸ਼ਮਣ ਹੈ। ਘਰ ਵਿੱਚ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਵੀ ਨਹੀਂ ਹੈ। ਅੱਜ ਦਾ ਇਨਸਾਨ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਲੱਗਾ ਹੋਇਆ ਹੈ।

ਜ਼ਮੀਨ ਜਾਇਦਾਦਾਂ ਕਾਰਨ ਇੱਕ-ਦੂਜੇ ਦਾ ਘਰ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਅਸੀਂ ਸੰਸਾਰ ਨਾਲ਼ ਜੁੜਦੇ ਹਾਂ, ਪਰ ਖ਼ੁਦ ਨਾਲ਼ੋਂ ਕੱਟੇ ਜਾਂਦੇ ਹਾਂ। ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਦਲੋ। ਘਰ ਵਿੱਚ ਸ਼ਾਂਤੀ ਦਾ ਮਾਹੌਲ ਰੱਖੋ। ਖ਼ੁਸ਼ੀ ਆਪਣੇ ਅੰਦਰੋਂ ਲੱਭੋ। ਕੋਈ ਵੀ ਚੰਗੇ ਕੰਮ ਦੀ ਸ਼ੁਰੂਆਤ ਪਹਿਲਾਂ ਆਪਣੇ ਘਰ ਤੋਂ ਹੀ ਹੁੰਦੀ ਹੈ। ਜੇ ਅਸੀਂ ਆਪਣੇ ਆਪ ਨੂੰ ਬਦਲਾਂਗੇ, ਤਾਂ ਸਾਡੀ ਦੇਖਾ-ਦੇਖੀ ਵਿੱਚ ਪਰਿਵਾਰਿਕ ਮੈਂਬਰ, ਦੋਸਤ ਆਪਣੇ ਆਪ ਨੂੰ ਬਦਲਣਗੇ। ਸਾਰਿਆਂ ਦੀ ਤਰੱਕੀ ਨੂੰ ਦੇਖ ਕੇ ਖ਼ੁਸ਼ ਹੋਵੋ। ਕਿਸੇ ਪ੍ਰਤੀ ਆਪਣੇ ਦਿਲ ਅੰਦਰ ਨਫ਼ਰਤ ਨਾ ਰੱਖੋ। ਮਤਲਬ ਦੀ ਦੋਸਤੀ ਨਾ ਰੱਖੋ। ਜਿਸ ਨੂੰ ਆਪਣਾ ਦੋਸਤ ਬਣਾਇਆ ਹੈ, ਉਸ ਨਾਲ਼ ਦੋਸਤੀ ਦੇ ਫਰਜ਼ ਅਦਾ ਕਰੋ। ਉਸ ਦੋਸਤ ਦੀ ਕਿਤੇ ਵੀ ਨਿੰਦਾ ਚੁਗਲੀ ਨਾ ਕਰੋ। ਦੋਸਤ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਵੋ।

ਜੇ ਤੁਹਾਨੂੰ ਅਸਫ਼ਲਤਾ ਮਿਲੀ ਹੈ, ਤਾਂ ਗ਼ਲਤੀਆਂ ਤੋਂ ਸਿੱਖੋ। ਗ਼ਲਤੀਆਂ ਨੂੰ ਨਾ ਦੁਹਰਾਓ। ਟੀਚਾ ਹਾਸਿਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਨਕਾਰਾਤਮਕ ਲੋਕਾਂ ਸੰਗ ਦੋਸਤੀ ਨਾ ਕਰੋ। ਹਮੇਸ਼ਾ ਚੰਗਾ ਸੋਚੋ। ਘਰ ਵਿੱਚ ਕਈ ਵਾਰ ਮਨ ਮੁਟਾਵ ਵੀ ਹੋ ਜਾਂਦਾ ਹੈ। ਕੋਈ ਅਜਿਹਾ ਗ਼ਲਤ ਕਦਮ ਨਾ ਚੁੱਕੋ ਜਿਸ ਨਾਲ਼ ਪਰਿਵਾਰ ਨੂੰ ਸ਼ਰਮਿੰਦਾ ਹੋਣਾ ਪਵੇ।

ਸਕਾਰਾਤਮਕ ਸੋਚ ਰੱਖੋ। ਚੰਗੇ ਲੋਕਾਂ ਦੀ ਜੀਵਨੀਆਂ ਪੜ੍ਹੋ, ਜਿਸ ਨਾਲ਼ ਜੀਵਨ ਨੂੰ ਸੇਧ ਮਿਲੇ। ਜੇ ਕਿਸੇ ਕੰਮ ਨੂੰ ਕਰਦੇ ਹੋਏ ਖ਼ੁਸ਼ੀ ਨਾ ਮਿਲੇ ਤਾਂ ਉਸ ਨੂੰ ਸਾਰਥਕ ਬਣਾਉਣ ਦਾ ਤਰੀਕਾ ਲਭੋ। ਲੋੜਵੰਦਾਂ ਦੀ ਮੱਦਦ ਕਰੋ। ਹਮੇਸ਼ਾ ਚੰਗਾ ਸੋਚੋ। ਕਿਸੇ ਨੂੰ ਬੇਵਜ੍ਹਾ ਤੰਗ ਨਾ ਕਰੋ। ਜੇ ਅਸੀਂ ਕਿਸੇ ਨੂੰ ਤੰਗ ਪ੍ਰੇਸ਼ਾਨ ਕਰਦੇ ਹਾਂ ਤਾਂ ਤਕਲੀਫ਼ ਤਾਂ ਸਾਨੂੰ ਵੀ ਹੁੰਦੀ ਹੈ। ਜੇ ਅਸੀਂ ਆਪਣੀ ਸਮਰਥਾ ਅਤੇ ਦਿਲਚਸਪੀ ਮੁਤਾਬਕ ਅੱਗੇ ਵਧਾਂਗੇ, ਤਾਂ ਸਫ਼ਲਤਾ ਵੀ ਜ਼ਰੂਰ ਮਿਲੇਗੀ।

ਧੰਨਾ ਧਾਲੀਵਾਲ
98782-35714



## ਲੋਕ ਸਾਜ਼

ਢੋਲ ਉੱਤੇ ਡਗਾ ਜਰਾ ਲਾਈਂ ਓਏ ਢੋਲੀਆ,
ਪਾਵਾਂ ਲੈ ਮੈਂ ਭੰਗੜਾ ਨਚਾਈਂ ਓਏ ਢੋਲੀਆ,
ਕਾਹਤੋਂ ਹੁੰਨੈ ਐਵੇਂ ਦੱਸ ਢੋਲੀਆ ਨਰਾਜ਼ ਵੇ।
ਦਿਲ ਨੂੰ ਸਕੂਨ ਦੇਣ ਆਹ ਜੋ ਲੋਕ ਸਾਜ਼ ਵੇ।

ਘੜਾ ਵੀ ਵਜਾਵੀਂ ਤੇ ਵਜਾਵੀਂ ਤੂੰ ਸਿਤਾਰ ਨੂੰ,
ਚੰਗੀ ਤਰ੍ਹਾਂ ਕਸ ਲਵੀਂ ਤੂੰਬੀ ਵਾਲ਼ੀ ਤਾਰ ਨੂੰ,
ਤੋੜੀਂ ਨਾ ਤੂੰ ਤਾਰ ਜਰਾ ਰੱਖ ਲੈ ਲਿਹਾਜ਼ ਵੇ।
ਦਿਲ ਨੂੰ ਸਕੂਨ ਦੇਣ ਆਹ ਜੋ ਲੋਕ ਸਾਜ਼ ਵੇ।

ਬੁੱਗਦ ਵਜਾਕੇ ਮਿੱਠੀ ਧੁਨ ਛੇੜ ਬੀਨ ਦੀ,
ਯਾਦ ਤੂੰ ਕਰਾਦੇ ਕਿਸੇ ਫ਼ਿਲਮੀ ਜੇ ਸੀਨ ਦੀ,
ਇਹਨਾਂ ਧੁਨਾਂ ਵਿੱਚ ਛੁਪੇ ਬੜੇ ਡੂੰਘੇ ਰਾਜ਼ ਵੇ।
ਦਿਲ ਨੂੰ ਸਕੂਨ ਦੇਣ ਆਹ ਜੋ ਲੋਕ ਸਾਜ਼ ਵੇ।

ਢੋਲਕ ਤੂੰ ਚਿਮਟਾ ਤੇ ਡਫ਼ਲੀ ਵਜਾਈ ਜਾ,
ਕੈਂਚੀ ਛਿੱਕਾ ਕਾਟੋ ਦੀ ਵੀ ਗੱਲ ਤੂੰ ਸੁਣਾਈ ਜਾ,
ਪਿਆਰੇ ਸਾਜਾਂ ਨਾਲ਼ ਬੜਾ ਜੱਚਦਾ ਸਮਾਜ ਵੇ।
ਦਿਲ ਨੂੰ ਸਕੂਨ ਦੇਣ ਆਹ ਜੋ ਲੋਕ ਸਾਜ਼ ਵੇ।

ਢੱਡ ਤੇ ਸਾਰੰਗੀ ਨਾਲ਼ ਮੇਲ ਖੜਤਾਲ ਦਾ,
ਮਸਤ ਹੁੰਦਾ ਐ ਦਿਲ ਧੰਨੇ ਧਾਲੀਵਾਲ ਦਾ,
ਸੁਹਣੀ ਅਲਗੋਜ਼ਿਆਂ ਦੀ ਮਿੱਠੀ ਜੀ ਅਵਾਜ਼ ਵੇ।
ਦਿਲ ਨੂੰ ਸਕੂਨ ਦੇਣ ਆਹ ਜੋ ਲੋਕ ਸਾਜ਼ ਵੇ।



ਮਾ.ਮੋਹਨ ਸਿੰਘ
84271-05977

# ਬਾਬਾ ਬੋਹੜ

ਸਾਡਾ ਰਾਸ਼ਟਰੀ ਰੁੱਖ਼ ਬੋਹੜ ਸ਼ਾਨਾਮੱਤਾ ਇਤਿਹਾਸ ਸਾਂਭੀ ਬੈਠਾ ਹੈ। ਚੁਫ਼ੇਰੇ ਫ਼ੈਲੇ ਟਾਹਣੇ ਇੰਞ ਦਿਸਦੇ ਹਨ, ਜਿਵੇਂ ਬਾਬਾ ਪੋਤੇ ਦੀ ਉਡੀਕ ਵਿੱਚ ਬਾਹਾਂ ਕੱਢੀ ਬੇਸਬਰੀ ਨਾਲ਼ ਉਡੀਕ ਕਰ ਰਿਹਾ ਹੋਵੇ। ਗੇਰੂ-ਰੰਗੇ ਫ਼ਲ ਨਾਲ਼ ਲੱਦੀਆਂ ਟਾਹਣੀਆਂ ਪੰਛੀਆਂ ਨੂੰ ਆਵਾਜ਼ਾਂ ਮਾਰ-ਮਾਰ, ਬੁੱਕਾਂ ਭਰ-ਭਰ ਫ਼ਲ ਵੰਡੀ ਜਾਂਦੀਆਂ ਹਨ। ਪੱਖੀਆਂ-ਨੁਮਾ ਪੱਤੇ ਗ਼ਰਮੀ ਦੇ ਸਤਾਏ ਮਹਿਮਾਨਾਂ ਲਈ ਪੱਖੀਆਂ ਝੱਲਦੇ ਲੱਗਦੇ ਹਨ।

ਕਿਹਾ ਜਾਂਦਾ ਹੈ ਕਿ ਬੋਹੜ ਹੇਠ ਸਿਰਫ਼ ਬੋਹੜ ਹੀ ਪਲ਼ਦਾ ਹੈ। ਹੋਰ ਨਿੱਕਾ ਮੋਟਾ ਰੁੱਖ਼ ਇਹਦੇ ਨੇੜੇ ਨਹੀਂ ਉੱਗਦਾ, ਇਸ ਕਰਕੇ ਇਹ ਇਕੱਲਾ ਖੜ੍ਹਾ ਦੂਰੋਂ ਹੀ ਪਛਾਣਿਆ ਜਾਂਦਾ ਹੈ।

ਖੁੱਲ੍ਹੀਆਂ ਅੱਖਾਂ ਵਾਲ਼ਿਆਂ ਨੂੰ ਇਹ ਆਪਣੇ ਬਾਬੇ ਵਰਗਾ ਲੱਗਦਾ ਹੈ। ਜਿਹੜਾ ਆਪਣੇ ਪੋਤਰੇ 'ਤੇ ਸੰਸਾਰ ਦੀ ਸਾਰੀ ਦੌਲਤ ਲੁਟਾ ਦੇਣੀ ਚਾਹੁੰਦਾ ਹੋਵੇ। ਦੁਨੀਆ ਦਾ ਹਰ ਸੁੱਖ ਉਹਦੀ ਝੋਲ਼ੀ ਪਾ ਦੇਣਾ ਚਾਹੁੰਦੇ ਹੋਵੇ। ਪੋਤਰਾ ਭਾਵੇਂ ਗੁਣ ਜਾਣੇ ਜਾਂ ਨਾ।

ਦਿਨ-ਰਾਤ ਆਕਸੀਜਨ ਦੇ ਸਿਲੰਡਰ ਵਾਲ਼ਾ ਇਹ ਬਾਬਾ ਸਾਰਿਆਂ ਦੀ ਸੁੱਖ ਤੇ ਖ਼ੈਰ ਮੰਗਦਾ ਹੈ। ਅਨੇਕਾਂ ਰੋਗ-ਔਸ਼ਦੀਆਂ ਨਾਲ਼ ਭਰਿਆ ਪਿਆ ਹੈ। ਇਸ ਕੋਲ਼ ਬੈਠਿਆਂ, ਤੰਦਰੁਸਤੀ ਦਾ ਅਹਿਸਾਸ ਹੁੰਦਾ ਹੈ। ਇਹੀ ਕਾਰਨ ਸੀ ਕਿ ਸਾਡੇ ਪੁਰਖਿਆਂ ਦੀ ਅਗਾਂਹ ਵਧੂ-ਸੋਚ ਨੇ ਇਸ ਨੂੰ ਦੇਵਤਿਆਂ ਵਾਂਗ ਮੰਨ ਲਿਆ। ਹਰ ਧਾਰਮਿਕ ਸਥਾਨ, ਡੇਰਾ, ਖ਼ੂਹ-ਟੋਭੇ, ਸਾਂਝੀ ਸੱਥ ਦਾ ਸ਼ਿੰਗਾਰ ਬਣ ਗਿਆ। ਪੰਛੀਆਂ ਦਾ ਸਥਾਈ ਰੈਣ-ਬਸੇਰਾ ਬਣ ਗਿਆ। ਇਤਿਹਾਸ ਦਾ ਗਵਾਹ ਬਣ ਗਿਆ। ਮੁਸਾਫ਼ਿਰਾਂ-ਰਾਹੀਆਂ ਦਾ ਹਮਦਰਦ ਬਣ ਗਿਆ।

ਸੰਤਾਂ ਮਹਾਂਪੁਰਸ਼ਾਂ ਦਾ ਮਾਣ ਵਧਾਉਣ ਵਿੱਚ ਬਾਬੇ ਬੋਹੜ ਦਾ ਵੱਡਾ ਯੋਗਦਾਨ ਰਿਹਾ ਹੈ। ਰੋਗ ਇਹ ਦੂਰ ਕਰਦਾ ਰਿਹਾ। ਔਸ਼ਧੀਆਂ ਇਸ ਤੋਂ ਮਿਲਦੀਆਂ ਰਹੀਆਂ, ਜੱਸ ਵਡਿਆਈ ਬਾਬਿਆਂ ਨੂੰ ਮਿਲਦੀ ਰਹੀ।

ਬਿਨ੍ਹਾਂ ਕਿਸੇ ਭੇਦ-ਭਾਵ, ਜਾਤ-ਪਾਤ, ਊਚ-ਨੀਚ ਤੋਂ ਉੱਪਰ ਉੱਠ ਕੇ ਸਭ ਨੂੰ ਠੰਡੀ ਛਾਂ ਤੇ ਪਿਆਰ ਵੰਡਦਾ ਰਿਹਾ। ਮੀਂਹ-ਹਨੇਰੀ, ਕੋਰਾ-ਕੱਕਰ, ਧੁੱਪ 'ਚ ਸੇਕ ਪਿੰਡੇ 'ਤੇ ਹੰਢਾਉਂਦਾ ਰਿਹਾ।

ਸਾਉਣ ਮਹੀਨੇ ਦੀਆਂ ਤੀਆਂ ਨੂੰ ਬੇਸਬਰੀ ਨਾਲ਼ ਉਡੀਕਦਾ ਰਿਹਾ। ਗੀਤਾਂ-ਬੋਲੀਆਂ ਵਿੱਚ ਆਪਣਾ ਨਾਂ ਸੁਣ ਕੇ ਮਾਣ ਦਾ ਅਹਿਸਾਸ ਕਰਦਾ ਰਿਹਾ।

"ਤੀਆਂ ਵਾਲਿਆਂ ਬਰੋਟਿਆਂ, ਕੁੜੀਆਂ ਮੰਗਦੀਆਂ ਮੀਂਹ ਵੇ।"

ਕੁੜੀਆਂ ਨੂੰ ਕਿੱਡਾ ਮਾਣ ਹੋਣਾ, ਔੜ-ਸੌੜ ਵਿੱਚ ਇਹੀ ਬਾਬਾ ਗਰਜ ਸਾਰ ਸਕਦਾ ਹੋਵੇ। ਮੀਂਹ ਪੁਆ ਸਕਦਾ ਹੋਵੇ। ਰੱਬ ਤੋਂ ਵੀ ਜ਼ਿਆਦਾ ਮਾਣ ਬੋਹੜ 'ਤੇ ਕਰਦੀਆਂ।

ਸਮੇਂ ਨੇ ਕਰਵਟ ਬਦਲੀ। ਬਾਬਾ ਬੋਹੜ ਤੇ ਪੋਤਰਿਆਂ ਵਾਲ਼ਾ ਬਾਬਾ ਦੋਵੇਂ ਨੁੱਕਰੇ ਲੱਗ ਗਏ। ਵੱਡੇ-



ਵੱਡੇ ਮਹਿਲ-ਨੁਮਾ ਘਰ, ਭਾਵ, ਵੱਡੇ-ਵੱਡੇ ਮਾਰਗਾਂ ਨੇ ਬੋਹੜ ਦੀ ਸ਼ਾਨ ਫਿੱਕੀ ਪਾ ਦਿੱਤੀ। ਤੀਆਂ, ਸਾਂਝੀਆਂ ਸੱਥਾਂ ਭਵਨਾਂ ਵਿੱਚ ਲੱਗਣ ਲੱਗ ਗਈਆਂ। ਪੈਸੇ ਦੀ ਭੱਜ-ਨੱਸ ਵਿੱਚ ਅਰਾਮ ਲਈ ਬੋਹੜ ਕਿਹਨੂੰ ਯਾਦ ਆਉਂਦਾ।

ਰੰਗੀਨ-ਚਿੱਟੇ ਪੱਥਰਾਂ ਨੇ ਵਿਚਾਰੇ ਬਾਬੇ ਬੋਹੜ ਦਾ ਸਾਹ ਹੀ ਘੁੱਟ ਕੇ ਰੱਖ ਦਿੱਤਾ। ਕੱਚੀ ਥਾਂ ਤਾਂ ਕਿਸੇ ਨੂੰ ਉਂਞ ਹੀ ਚੰਗੀ ਨੀ ਲਗਦੀ, ਬਾਹਰੀ-ਦਿਖਾਵੇ, ਫ਼ੋਕੀਆਂ ਸ਼ੋਹਰਤਾਂ ਨੇ ਵਿਚਾਰੇ ਦੇ ਅਜਿਹਾ ਡੰਗ ਮਾਰਿਆ ਕਿ ਸੁੰਗੜ ਕੇ ਰਹਿ ਗਿਆ।

ਹੱਸਦੇ-ਵੱਸਦੇ ਤੇ ਸ਼ਾਨਾਂ ਮੱਤੇ ਪੰਜਾਬ ਦੀ ਸ਼ਾਨ ਬਾਬੇ ਤੇ ਬੋਹੜ ਸੁੰਨਸਾਨ-ਥਾਵਾਂ ਜੋਗੇ ਰਹਿ ਗਏ ਜਾਂ ਸੰਘਣੀ ਆਬਾਦੀ ਵਿੱਚ ਟਾਹਣਿਆਂ ਤੋਂ ਸੱਖਣੇ, ਰੁੰਡ-ਮੁਰੰਡੇ ਆਪਣੀ ਕਿਸਮਤ ਨੂੰ ਝੂਰਦੇ, ਪੋਤਰਿਆਂ ਨੂੰ 'ਵਾਜਾਂ ਮਾਰਦੇ, ਪਰ ਪੋਤਰਿਆਂ ਪਾਸ ਵਿਹਲ ਕਿੱਥੇ...

ਅਮਰ 'ਸੂਫ਼ੀ'
98555-43660



# ਪਹਿਲਾ ਦਰਜਾ

ਆ ਗਿਆ ਨਤੀਜਾ ਗੱਲ ਦੱਸਾਂ ਖ਼ਾਸ ਮੈਂ।
ਪਹਿਲੇ ਦਰਜੇ 'ਤੇ ਹੋ ਗਿਆ ਹਾਂ ਪਾਸ ਮੈਂ।

ਗੁਰੂ ਜਨਾਂ ਨੇ ਪੜ੍ਹਾਇਆ ਰੀਝ ਨਾਲ਼ ਸੀ।
ਮਾਪਿਆਂ ਵੀ ਰੱਖਿਆ ਪੂਰਾ ਖ਼ਿਆਲ ਸੀ।

ਪੜ੍ਹੀਆਂ ਕਿਤਾਬਾਂ ਪੂਰੀ ਤਰ੍ਹਾਂ ਘੋਟ ਕੇ।
ਯਾਦ ਰੱਖੇ ਪੂਰੇ ਗੁਰ ਅਤੇ ਟੋਟਕੇ।

ਦਿੱਤੇ ਸਾਰੇ ਪਰਚੇ ਮੈਂ ਬੜਾ ਸੋਚ ਕੇ।
ਸੁੰਦਰ ਲਿਖਾਈ ਕੀਤੀ ਬੋਚ-ਬੋਚ ਕੇ।

ਦਿੱਤਾ ਇਮਤਿਹਾਨ ਲਾ ਕੇ ਮਨ ਚਿੱਤ ਮੈਂ।
ਬਾਜ਼ੀ ਉੱਚੇ ਦਰਜੇ ਦੀ ਲਈ ਜਿੱਤ ਮੈਂ।

ਚੰਗੇ ਬੱਚੇ ਵਾਲ਼ੇ ਪਾਲ਼ੇ ਮੈਂ ਅਸੂਲ ਨੇ।
ਤਾਂ ਹੀ ਕਾਮਯਾਬੀ ਦਿੱਤੀ ਹੈ ਸਕੂਲ ਨੇ।

ਮੰਚ ਉੱਤੇ ਦਿੱਤਾ ਮੈਨੂੰ ਸਨਮਾਨ ਜੀ।
ਉੱਚੀ ਹੋਈ ਮੇਰੇ ਸਕੂਲ ਦੀ ਸ਼ਾਨ ਜੀ।

'ਸੂਫ਼ੀ' ਅਧਿਆਪਕਾਂ ਦਿੱਤਾ ਪਿਆਰ ਬਈ।
ਮਾਪਿਆਂ ਨੂੰ ਮਿਲਿਆ ਹੈ ਸਤਿਕਾਰ ਬਈ।



ਜਸਬੀਰ ਭੁੱਲਰ

# ਸ਼ੇਰ

## ਕਾਂਡ-5

ਮਾਰੋਮਾਰ ਕਰਦੇ ਤੂਫ਼ਾਨ ਨੇ ਵਾਪਸੀ ਦਾ ਰੁਖ਼ ਕਰ ਲਿਆ।

ਸਮੁੰਦਰ ਨੇ ਗੁਰੀ ਨੂੰ ਧਰਤੀ ਉੱਤੇ ਲਿਆ ਸੁੱਟਿਆ।

ਪਾਣੀ ਮੁੜ ਗੁਰੀ ਨੂੰ ਧਰਤੀ ਉੱਤੋਂ ਵਾਪਸ ਸਮੁੰਦਰ ਵੱਲ ਰੋੜ੍ਹ ਲੈ ਤੁਰਿਆ। ਪਾਣੀ ਦੇ ਵੇਗ ਨਾਲ਼ ਜਿਵੇਂ ਹਰ ਸ਼ੈਅ ਹੀ ਸਮੁੰਦਰ ਵੱਲ ਤੁਰ ਪਈ ਸੀ।

ਗੁਰੀ ਕਦੀ ਕਿਸੇ ਝਾੜੀ ਵਿੱਚ ਤੇ ਕਦੀ ਕਿਸੇ ਬੂਝੇ ਵਿੱਚ ਅਟਕ ਜਾਂਦਾ। ਕਦੀ ਕੋਈ ਛੱਲ ਉਹਨੂੰ ਉਛਾਲ਼ ਕੇ ਦੂਰ ਲਿਜਾ ਸੁਟਦੀ। ਫੇਰ ਗੁਰੀ ਇੱਕ ਕੰਡਿਆਲੀ ਝਾੜੀ ਵਿੱਚ ਫਸ ਗਿਆ। ਪਾਣੀ ਨੇ ਉਹਨੂੰ ਉੱਥੋਂ ਕੱਢਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਉੱਥੇ ਹੀ ਫਸਿਆ ਰਿਹਾ।

ਸਮੁੰਦਰ ਵੱਲ ਪਰਤਦੇ ਪਾਣੀ ਦੇ ਰੇਤੇ ਨੇ ਗੁਰੀ ਨੂੰ ਢੱਕ ਦਿੱਤਾ। ਉਹ ਰੇਤੇ ਦੇ ਢੇਰ ਵਾਂਗੂ ਦਿਸਣ ਲੱਗ ਪਿਆ।

ਤੂਫ਼ਾਨ ਸ਼ਾਂਤ ਹੋ ਚੁੱਕਿਆ ਸੀ। ਉੱਥੇ ਜਿੱਥੇ ਕਿੱਧਰੇ ਵੀ ਟੋਏ ਸਨ, ਖਾਰੇ ਪਾਣੀ ਨਾਲ਼ ਭਰ ਗਏ।

ਗੁਰੀ ਲੰਮਾ ਸਮਾਂ ਬੇਹੋਸ਼ ਪਿਆ ਰਿਹਾ। ਜਦੋਂ ਉਹਦੀ ਹੋਸ਼ ਪਰਤੀ, ਰਾਤ ਹੋ ਚੁੱਕੀ ਸੀ। ਉਹਨੇ ਅੱਖਾਂ ਉਘੇੜੀਆਂ ਤੇ ਚੁਫ਼ੇਰੇ ਵੇਖਿਆ।

ਚੰਨ-ਚਾਨਣੀ ਨਾਲ਼ ਚੌਗਿਰਦਾ ਨਹਾਤਾ ਹੋਇਆ ਸੀ। ਉਹ ਸੰਘਣੇ ਜੰਗਲ ਦੀ ਇੱਕ ਕੰਡਿਆਲ਼ੀ ਝਾੜੀ ਵਿੱਚ ਫਸਿਆ ਹੋਇਆ ਸੀ। ਉਹਦਾ ਸਰੀਰ ਥਾਂ-ਥਾਂ ਤੋਂ ਵਲੂੰਦਰਿਆ ਹੋਇਆ ਸੀ। ਉਹਦੇ ਕੱਪੜਿਆਂ ਉੱਤੇ ਵੀ ਥਾਂ-ਥਾਂ ਖੁੰਗੀਆਂ ਲੱਗੀਆਂ ਹੋਈਆਂ ਸਨ। ਉਹਦੇ ਕੱਪੜੇ ਗਿੱਲੇ ਅਤੇ ਗਾਰ ਨਾਲ਼ ਭਰੇ ਹੋਏ ਸਨ।

ਗੁਰੀ ਡਿੱਗਦਾ-ਢਹਿੰਦਾ ਉੱਥੋਂ ਤੁਰ ਪਿਆ। ਉਹਨੇ ਪਾਣੀ ਦੇ ਭਰੇ ਹੋਏ ਇੱਕ ਟੋਏ ਵਿੱਚ ਵੜ ਕੇ ਕੱਪੜਿਆਂ ਦਾ ਚਿੱਕੜ ਸਾਫ਼ ਕੀਤਾ।

ਉੱਥੇ ਨਾ ਕੋਈ ਡੰਡੀ ਸੀ ਤੇ ਨਾ ਪਗਡੰਡੀ। ਗੁਰੀ ਉੱਥੋਂ ਤੁਰਿਆ ਤਾਂ ਉਹਨੂੰ ਝਾੜੀਆਂ ਦੇ ਵਿੱਚੋਂ ਦੀ ਹੀ ਰਾਹ ਬਣਾ ਕੇ ਤੁਰਨਾ ਪੈ ਰਿਹਾ ਸੀ।

ਜੀਹਨਾਂ ਰਾਹਵਾਂ ਉੱਤੇ ਲੋਕ ਤੁਰੇ ਹੋਣ ਉਹ ਰਾਹ ਨਿੱਕੇ ਹੁੰਦੇ ਹਨ। ਗੁਰੀ ਨੂੰ ਵੀ ਨਿੱਕੇ ਰਾਹ ਦੀ ਭਾਲ਼ ਸੀ। ਲਗਾਤਾਰ ਤੁਰਦੇ ਰਹਿਣ ਪਿੱਛੋਂ ਵੀ ਉਸਨੂੰ ਕੋਈ ਪਗਡੰਡੀ ਨਹੀਂ ਦਿਸੀ। ਇੱਕ ਅਣਜਾਣ ਜੰਗਲ ਵਿੱਚ ਉਹ ਗੁਆਚਾ ਹੋਇਆ ਸੀ।

ਗੁਰੀ ਨੂੰ ਤੇਹ ਲੱਗੀ ਹੋਈ ਸੀ। ਸਮੁੰਦਰੀ ਤੂਫ਼ਾਨ ਨੇ ਸਾਰਾ ਪਾਣੀ ਖ਼ਾਰਾ ਕਰ ਦਿੱਤਾ ਸੀ। ਤੁਰਦਿਆਂ-ਤੁਰਦਿਆਂ ਉਹਨੂੰ ਰਾਹ ਵਿੱਚ ਜਿਹੜਾ ਟੋਇਆ ਦਿਸਿਆ...ਉਸੇ ਦਾ ਪਾਣੀ ਚੱਖ ਕੇ ਵੇਖਿਆ। ਕਿਸੇ ਟੋਏ ਦਾ ਪਾਣੀ ਪੀਣ ਯੋਗ ਨਹੀਂ ਸੀ। ਉਹ ਜੰਗਲ ਰੁੱਖਾਂ ਅਤੇ ਝਾੜੀਆਂ ਨਾਲ਼ ਅੱਟਿਆ ਹੋਇਆ ਸੀ। ਇੱਕ ਟੋਬੇ ਦੇ ਨੇੜੇ ਉਹ ਰੜੀ ਜ਼ਮੀਨ ਦਾ ਟੋਆ ਪੁੱਟਣ ਲੱਗ ਪਿਆ।

ਟੋਆ ਪੁੱਟ ਕੇ ਗੁਰੀ ਟੋਏ ਦੇ ਕੋਲ਼ ਹੀ ਬੈਠ ਗਿਆ। ਉਹ ਨਿਰਾਸ਼ ਨਜ਼ਰਾਂ ਨਾਲ਼ ਖ਼ਾਲੀ ਟੋਏ ਨੂੰ ਵੇਖਣ ਲੱਗ ਪਿਆ। ਅਚਾਨਕ ਉਹਦੇ ਚਿਹਰੇ ਉੱਤੇ ਖ਼ੁਸ਼ੀ ਦੇ ਭਾਵ ਉਜਾਗਰ ਹੋ ਗਏ। ਟੋਏ ਅੰਦਰ ਪਾਣੀ ਸਿਮਣ ਲੱਗ ਪਿਆ ਸੀ।

ਹੌਲ਼ੀ-ਹੌਲ਼ੀ ਉਹ ਟੋਆ ਪਾਣੀ ਨਾਲ਼ ਭਰ ਗਿਆ। ਗੁਰੀ ਨੇ ਚੂਲ਼ੀ ਭਰ ਕੇ ਮੂੰਹ ਨੂੰ ਪਾਣੀ ਲਾਇਆ। ਪਾਣੀ ਠੰਢਾ ਤੇ ਸੁਆਦੀ ਸੀ। ਉਹਨੇ ਬੁੱਕ ਭਰ-ਭਰ ਪਾਣੀ ਪੀਤਾ ਤੇ ਤਰੋਤਾਜ਼ਾ ਹੋ ਕੇ ਬੈਠ ਗਿਆ।

ਇੱਕ ਖ਼ਰਗੋਸ਼ ਅਚਾਨਕ ਇੱਕ ਝਾੜੀ ਓਹਲਿਓਂ ਬਾਹਰ ਆਇਆ ਤੇ ਗੁਰੀ ਦੇ ਸਾਹਮਣੇ ਆ ਕੇ ਖਲੋ ਗਿਆ।

ਖ਼ਰਗੋਸ਼ ਨੂੰ ਵੇਖ ਕੇ ਗੁਰੀ ਹੱਸਣ ਲੱਗ ਪਿਆ, "ਤੂੰ ਤਾਂ ਯਾਰ ਮੈਨੂੰ ਡਰਾ ਹੀ ਦਿੱਤਾ ਸੀ।"

"ਮੈਂ ਕਿੰਨ੍ਹੇ ਚਿਰ ਤੋਂ ਤੇਰੇ ਪਿੱਛੇ-ਪਿੱਛੇ ਹੀ ਤੁਰਿਆ ਆ ਰਿਹਾ ਸਾਂ। ਸਮੁੰਦਰੀ ਤੂਫ਼ਾਨ ਨੇ ਸਾਰਾ ਪਾਣੀ ਖ਼ਾਰਾ ਕਰ ਦਿੱਤਾ ਏ! ਮੈਨੂੰ ਤੇਹ ਲੱਗੀ ਹੋਈ ਸੀ। ਸੋਚਿਆ, ਤੂੰ ਕਿੱਧਰੋਂ ਨਾ ਕਿੱਧਰੋਂ ਪਾਣੀ ਜ਼ਰੂਰ ਲੱਭ ਲਵੇਂਗਾ। ਹੁਣ ਤੂੰ ਪਾਣੀ ਲੱਭ ਲਿਆ ਏ। ਜੇ ਕਹੇਂ ਤਾਂ ਤੇਰੇ ਟੋਏ ਵਿੱਚੋਂ ਮੈਂ ਵੀ ਪਾਣੀ ਪੀ ਲਵਾਂ?" ਖ਼ਰਗੋਸ਼ ਨੇ ਤਰਲਾ ਲੈਣ ਵਾਂਗ ਆਪਣੀ ਗੱਲ ਕਹੀ।

ਗੁਰੀ ਹੱਸਣ ਲੱਗ ਪਿਆ, "ਇਸ ਵਿੱਚ ਪੁੱਛਣ ਵਾਲ਼ੀ ਕਿਹੜੀ ਗੱਲ ਐ! ਪਾਣੀ ਸਭ ਦਾ ਹੁੰਦਾ ਏ। ਪੰਛੀਆਂ ਦਾ ਵੀ ਤੇ ਜਨੌਰਾਂ ਦਾ ਵੀ। ਪੂਰੇ ਵਣ-ਤ੍ਰਿਣ ਦਾ ਵੀ। ਤੂੰ ਜਿੰਨਾ ਮਰਜ਼ੀ ਪਾਣੀ ਪੀ।"

ਖ਼ਰਗੋਸ਼ ਨੇ ਪਾਣੀ ਪੀ ਕੇ ਗੁਰੀ ਦਾ ਧੰਨਵਾਦ ਕੀਤਾ, ਬੋਲਿਆ, "ਮੈਨੂੰ ਜਾਪਿਆ ਸੀ, ਤੇਹ ਨਾਲ਼ ਹੀ ਬੇਹੋਸ਼ ਹੋ ਜਾਊਂਗਾ। ਪਾਣੀ ਦੇ ਕੇ ਤੂੰ ਮੇਰੀ ਜਾਨ ਬਚਾਈ ਹੈ। ਦੱਸ ਕੀ ਕਰਾਂ ਮੈਂ ਤੇਰੇ ਲਈ?"

ਮੈਂ ਤੇ ਮੇਰਾ ਬੇਲੀ ਘਰੋਂ ਹੇਠਲਾ ਪਿੰਡ ਲੱਭਣ ਤੁਰੇ ਸੀ। ਮੈਨੂੰ ਕੀ ਪਤਾ ਸੀ ਏਤਰਾਂ ਹੋਊ। ਮੈਂ ਯਾਰ ਵੀ ਗੁਆ ਲਿਆ ਹੈ ਤੇ ਉਹ ਪਿੰਡ ਵੀ ਨਹੀਂ ਲੱਭਾ।" ਗੁਰੀ ਨੇ ਨਿੰਮੋਝੂਣੇ ਜਿਹੇ ਨੇ ਜਿਵੇਂ ਆਪਣੇ-ਆਪ ਨਾਲ਼ ਗੱਲ ਕੀਤੀ।

"ਤੂੰ ਦਿਲ ਛੋਟਾ ਨਾ ਕਰ! ਕੀ ਪਤਾ ਮੈਂ ਤੇਰੇ ਕੰਮ ਆ ਸਕਾਂ!" ਖ਼ਰਗੋਸ਼ ਨੇ ਧਰਵਾਸ ਦੇ ਕੇ ਬੋਲ ਕਹੇ।

"ਹੁਣ ਤਾਂ ਸੋਚਦਾ ਵਾਂ, ਆਪਣੇ ਪਿੰਡ ਪਰਤ ਜਾਵਾਂ। ਤੈਨੂੰ ਮੇਰੇ ਪਿੰਡ ਦਾ ਰਾਹ ਆਉਂਦੈ?"

"ਨਹੀਂ!...ਮੈਨੂੰ ਕੀ ਪਤਾ ਤੇਰਾ ਪਿੰਡ ਕਿਹੜਾ ਏ?"

"ਫੇਰ ਤਾਂ...?"

"ਮੈਨੂੰ ਇੱਕ ਪਿੰਡ ਦਾ ਰਾਹ ਆਉਂਦਾ ਏ। ਕੀ ਪਤਾ ਉਹ ਤੇਰਾ ਹੀ ਪਿੰਡ ਹੋਵੇ।"

"ਤੂੰ ਮੈਨੂੰ ਉਸ ਪਿੰਡ ਛੱਡ ਆ।"

"ਮੈਂ ਤਾਂ ਉਸ ਪਿੰਡ ਤੋਂ ਦੂਰ-ਦੂਰ ਹੀ ਰਹਿੰਨਾ ਵਾਂ। ਉਸ ਪਿੰਡ ਦੇ ਲੋਕ ਖ਼ਰਗੋਸ਼ਾਂ ਨੂੰ ਮਾਰ ਕੇ ਖਾ ਜਾਂਦੇ ਨੇ। ਉਹਨਾਂ ਕੋਲ਼ ਸ਼ਿਕਾਰੀ ਕੁੱਤੇ ਵੀ ਨੇ।"

"ਫੇਰ ਤਾਂ ਤੂੰ ਮੈਨੂੰ ਵੀ ਉਸ ਪਿੰਡ ਵਾਲ਼ਿਆਂ ਵਰਗਾ ਹੀ ਸਮਝਦਾ ਹੋਵੇਂਗਾ!" ਗੁਰੀ ਫ਼ਿਕਾ ਜਿਹਾ ਹੱਸਿਆ।

"ਨਹੀਂ! ਤੂੰ ਮੇਰੀ ਜਾਨ ਬਚਾਈ ਹੈ। ਤੇਰੇ ਬਾਰੇ ਮੈਂ ਇਸ ਤਰ੍ਹਾਂ ਨਈਂ ਸੋਚ ਸਕਦਾ। ਤੂੰ ਹਾਲ਼ੇ ਨਿਆਣਾ ਏਂ, ਰੱਬ ਵਾਂਗੂ ਏਂ, ਨਿਰਛੱਲ ਤੇ ਪਵਿੱਤਰ! ਬਾਲ ਵੱਡੇ ਹੋ ਕੇ ਪਤਾ ਨਈਂ ਕਿਉਂ ਮੈਲੇ ਤੇ ਬਦਬੂਦਾਰ ਹੋ ਜਾਂਦੇ ਨੇ। ਤੂੰ ਹੁਣ ਵਰਗਾ ਹੀ ਰਹੀਂ।"

"ਜੇ ਤੂੰ ਮੇਰੇ ਨਾਲ਼ ਨਹੀਂ ਜਾਵੇਂਗਾ ਤਾਂ ਮੈਂ ਉਸ ਪਿੰਡ ਨੂੰ ਕਿਤਰਾਂ ਲੱਭੂੰ?"

"ਮੈਂ ਤੈਨੂੰ ਉਸ ਪਿੰਡ ਦੇ ਬਾਹਰ ਛੱਡ ਕੇ ਮੁੜ

ਆਊਂ!''

''ਇਹ ਠੀਕ ਰਹੂ।''

ਗੁਰੀ ਖ਼ਰਗੋਸ਼ ਦੇ ਪਿੱਛੇ-ਪਿੱਛੇ ਤੁਰ ਪਿਆ। ਸਮੁੰਦਰ ਦੇ ਤੂਫ਼ਾਨ ਕਾਰਨ ਥਾਂ-ਥਾਂ ਜੰਗਲ ਦੇ ਉੱਖੜੇ ਹੋਏ ਰੁੱਖ ਸਨ, ਚਿੱਕੜ ਸੀ ਅਤੇ ਖਾਰੇ ਪਾਣੀ ਦੇ ਭਰੇ ਹੋਏ ਚਲ੍ਹੇ ਸਨ। ਖ਼ਰਗੋਸ਼ ਲਈ ਉਹ ਰੁਕਾਵਟਾਂ ਔਖੀ ਘਾਟੀ ਪਾਰ ਕਰਨ ਵਾਂਗੂੰ ਸਨ।

ਗੁਰੀ ਨੇ ਖ਼ਰਗੋਸ਼ ਨੂੰ ਚੁੱਕ ਕੇ ਮੋਢੇ ਉੱਤੇ ਬਿਠਾ ਲਿਆ। ਖ਼ਰਗੋਸ਼ ਦਾ ਪੈਂਡਾ ਆਸਾਨ ਹੋ ਗਿਆ।

ਖ਼ਰਗੋਸ਼ ਨੂੰ ਮੋਢਿਆਂ ਉੱਤੇ ਚੁੱਕੀ ਗੁਰੀ ਰਾਤ ਭਰ ਤੁਰਦਾ ਰਿਹਾ। ਸਰਕੰਡੇ ਦੀ ਕੰਧ ਕੋਲ ਜਾ ਕੇ ਉਹ ਖਲੋ ਗਿਆ। ਖ਼ਰਗੋਸ਼ ਨੂੰ ਭੁੰਜੇ ਉਤਾਰ ਕੇ ਉਸ ਪੁੱਛਿਆ, ''ਹੁਣ?''

ਖ਼ਰਗੋਸ਼ ਨੇ ਆਪਣਾ ਸਰੀਰ ਛੰਡਿਆ, ਬੋਲਿਆ, ''ਤੂੰ ਰਾਤ ਭਰ ਤੁਰਦਾ ਰਿਹਾ ਏਂ, ਥੱਕ ਗਿਆ ਹੋਵੇਂਗਾ!''

''ਹਾਂ, ਬਹੁਤ ਥੱਕ ਗਿਆ ਵਾਂ ਮੈਂ।''

''ਮੈਂ ਹੁਣ ਇਸ ਤੋਂ ਅਗਾਂਹ ਨਹੀਂ ਜਾਣਾ। ਇੱਥੋਂ ਹੀ ਵਾਪਸ ਚਲਿਆ ਜਾਊਂ। ਅਜੇ ਕੁਝ ਰਾਤ ਬਾਕੀ ਹੈ। ਤੂੰ ਇੱਥੇ ਹੀ ਸੌਂ ਜਾ! ਆਰਾਮ ਮਿਲੂ! ਸਰਕੰਡੇ ਨੂੰ ਪਾਰ ਕਰ ਲਵੇਂਗਾ ਤਾਂ ਪਿੰਡ ਵੀ ਦਿਸ ਪਊ।'' ਖ਼ਰਗੋਸ਼ ਤੁਰਦਾ-ਤੁਰਦਾ ਰੁਕ ਗਿਆ, ''ਮੇਰਾ ਨਾਂ ਗੋਸ਼ੀ ਐ। ਜੇ ਲੋੜ ਪਵੇ ਤਾਂ 'ਗੋਸ਼ੀ ਖ਼ਰਗੋਸ਼' ਕਹਿਕੇ ਹਾਕ ਮਾਰੀਂ।

''ਗੋਸ਼ੀ ਹੁਣ ਵਾਪਸੀ ਵੇਲ਼ੇ ਰਾਹ ਦੇ ਅੜਿਕਿਆਂ ਨੂੰ ਕਿਵੇਂ ਪਾਰ ਕਰੇਂਗਾ? ਜੇ ਕਹੇ ਤਾਂ...?''

ਗੋਸ਼ੀ ਖ਼ਰਗੋਸ਼ ਨੇ ਗੁਰੀ ਨੂੰ ਟੋਕ ਦਿੱਤਾ, ''ਇਹ ਮੇਰਾ ਜੰਗਲ ਐ ਯਾਰ! ਮੈਂ ਇਸ ਜੰਗਲ ਨੂੰ ਜਾਣਨਾ ਵਾਂ। ਮੇਰੇ ਘੋਰਨੇ ਤਕ ਜਾਣ ਲਈ ਹੋਰ ਵੀ ਕਈ ਰਾਹ ਨੇ।''

ਗੋਸ਼ੀ ਖ਼ਰਗੋਸ਼ ਪਿੱਛੇ ਮੁੜ ਕੇ ਉੱਥੋਂ ਨੱਸਿਆ ਤੇ ਜੰਗਲ ਵਿੱਚ ਅਲੋਪ ਹੋ ਗਿਆ।

ਗੁਰੀ ਨੇ ਇੱਕ ਨੇੜਲੇ ਰੁੱਖ ਦੀਆਂ ਟਾਹਣੀਆਂ ਤੇ ਪੱਤੇ ਤੋੜ ਕੇ ਭੁੰਜੇ ਵਿਛਾ ਲਏ। ਬਿਸਤਰਾ ਤਿਆਰ ਕਰਕੇ ਉਹ ਲੰਮੇ ਪੈ ਗਿਆ ਤੇ ਛੇਤੀ ਹੀ ਗੂੜ੍ਹੀ ਨੀਂਦ ਵਿੱਚ ਲਹਿ ਗਿਆ।

ਜਦੋਂ ਗੁਰੀ ਦੀ ਅੱਖ ਖੁੱਲ੍ਹੀ ਚਿੱਟਾ ਦਿਨ ਚੜ੍ਹਿਆ ਹੋਇਆ ਸੀ।

ਉਹ ਸਰਕੰਡੇ ਦੀ ਕੰਧ ਦੇ ਨਾਲ਼-ਨਾਲ਼ ਤੁਰ ਪਿਆ। ਉਸ ਕੰਧ ਦੇ ਦੂਸਰੇ ਪਾਸੇ ਜਾਣ ਲਈ ਕੋਈ ਰਾਹ ਹੀ ਨਹੀਂ ਸੀ। ਉਹ ਕੀ ਕਰੇ ਹੁਣ?

ਗੁਰੀ ਹਾਰਿਆ-ਹੱਟਿਆਂ ਵਾਂਗੂੰ ਬੈਠ ਗਿਆ। ਬੈਠਿਆਂ-ਬੈਠਿਆਂ ਉਹਨੂੰ ਝਪੱਕੀ ਆ ਗਈ। ਅਚਾਨਕ ਉਹਦੀ ਜਾਗ ਖੁੱਲ੍ਹ ਗਈ, ਵੇਖਿਆ, ਖ਼ਰਗੋਸ਼ ਉਹਨੂੰ ਪੰਜੇ ਨਾਲ਼ ਝੰਜੋੜ ਰਿਹਾ ਸੀ।

ਗੁਰੀ ਨੇ ਹੈਰਾਨ ਹੋ ਕੇ ਪੁੱਛਿਆ, ''ਓਏ ਗੋਸ਼ੀ! ਤੂੰ ਹਾਲ਼ੇ ਵੀ ਇੱਥੇ ਹੀ ਏਂ?''

ਗੁਰੀ ਨੂੰ ਜਾਗਿਆਂ ਵੇਖ ਕੇ ਗੋਸ਼ੀ ਬੋਲਿਆ, ''ਮੈਂ ਇੱਥੋਂ ਬਹੁਤ ਦੂਰ ਚਲਿਆ ਗਿਆ ਸਾਂ। ਫੇਰ ਚੇਤਾ ਆਇਆ, ਤੈਨੂੰ ਤਾਂ ਸਰਕੰਡੇ ਨੂੰ ਪਾਰ ਕਰਨਾ ਨਈਂ ਆਉਂਦਾ। ਉਹ ਯਾਰ ਹੀ ਕਾਹਦਾ ਜਿਹੜਾ ਯਾਰ ਨੂੰ ਗੁਆਚ ਜਾਣ ਦੇਵੇ।''

ਗੋਸ਼ੀ ਖ਼ਰਗੋਸ਼ ਦਾ ਮੋਹ ਵੇਖ ਕੇ ਗੁਰੀ ਨੇ ਮਨ ਭਰ ਲਿਆ, ''ਹੁਣ ਤੂੰ ਏਂ ਤਾਂ ਮੈਨੂੰ ਕੋਈ ਫ਼ਿਕਰ ਨਹੀਂ।''

ਗੋਸ਼ੀ ਖ਼ਰਗੋਸ਼ ਕੁਝ ਛਿਣ ਗੁਰੀ ਵੱਲ ਵੇਖਦਾ ਰਿਹਾ ਤੇ ਫਿਰ ਮੁਸਕਰਾਇਆ, ''ਹੁਣ ਮੇਰੀ ਸੁਣ। ਜੇ ਕੰਧਾਂ ਵਿੱਚੋਂ ਰਾਹ ਲੱਭਦਿਆਂ ਕੋਈ ਬੂਹਾ ਦਿਸ ਪਵੇ ਤਾਂ ਉਸ ਬੂਹੇ ਨੂੰ ਠਕੋਰ ਦਿਓ। ਠਕੋਰਿਆਂ ਬੂਹੇ ਖੁੱਲ੍ਹ ਜਾਂਦੇ ਹੁੰਦੇ ਨੇ। ਉਹ ਬੂਹਾ ਭਾਵੇਂ ਕਿਸੇ ਦਾ ਵੀ ਹੋਵੇ।

ਗੁਰੀ ਹੱਸਿਆ, ''ਜਿਹੜੀ ਕੰਧ ਵਿੱਚੋਂ ਬੂਹਾ ਲੱਭ ਰਿਹਾ ਵਾਂ? ਉਸ ਕੰਧ ਵਿੱਚ ਤਾਂ ਕੋਈ ਬੂਹਾ ਹੀ ਨਹੀਂ।''

''ਜਦੋਂ ਅਗਾਂਹ ਜਾਣ ਲਈ ਬੂਹਾ ਨਾ ਦਿਸੇ ਤਾਂ ਉਦੋਂ ਵੀ ਬੂਹਾ ਹੁੰਦੈ। ਬੱਸ, ਉਦੋਂ ਏਨਾ ਕੁ ਕਰੀਂ ਕਿ ਸਿਰ ਅਗਾਂਹ ਕਰ ਦੇਵੀਂ ਤੇ ਤੁਰ ਪਵੀਂ।''

ਗੁਰੀ ਖਿੜ੍ਹ-ਖਿੜ੍ਹਾ ਕੇ ਹੱਸਿਆ ਤੇ ਬੋਲਿਆ, "ਹੁਣ ਮੈਨੂੰ ਰਾਹ ਲੱਭਣਾ ਆਉਂਦੈ।"

"ਮੈਂ ਫਿਰ ਜਾਵਾਂ ਹੁਣ! ਮੇਰੇ ਨਿੱਕੇ-ਨਿੱਕੇ ਖ਼ਰਗੋਸ਼ ਮੇਰੀ ਰਾਹ ਵੇਖ ਰਹੇ ਹੋਣਗੇ।" ਗੋਸ਼ੀ ਖ਼ਰਗੋਸ਼ ਉੱਥੋਂ ਜਾਣ ਲਈ ਫੁਦਕਿਆ।

"ਰੁਕੀਂ! ...ਠਹਿਰੀਂ ਜ਼ਰਾ!" ਗੁਰੀ ਨੇ ਕਾਹਲੀ ਨਾਲ਼ ਕਿਹਾ, "ਬੀਬਾ ਯਾਰ ਬਣਕੇ ਮੇਰਾ ਇੱਕ ਹੋਰ ਕੰਮ ਵੀ ਕਰ ਦੇ।"

ਗੋਸ਼ੀ ਖ਼ਰਗੋਸ਼ ਮੁੜ ਗੁਰੀ ਕੋਲ਼ ਪਰਤ



ਆਇਆ। ਉਹ ਮੁਸਕਰਾਇਆ, "ਮੈਂ ਹੁਣ ਤੱਕ ਤੇਰੇ ਪਾਣੀ ਦਾ ਮੁੱਲ ਤਾਰ ਰਿਹਾ ਸਾਂ। ਜਦੋਂ ਮੈਂ ਪਾਣੀ ਖੁਣੋਂ ਮਰ ਰਿਹਾ ਸਾਂ ਤਾਂ ਤੂੰ ਮੇਰੀ ਤੇਹ ਮੇਟੀ ਸੀ। ਉਸ ਵੇਲ਼ੇ ਦੁਨੀਆ ਦੀਆਂ ਸਭ ਨੇਹਮਤਾਂ ਨਾਲ਼ੋਂ ਪਾਣੀ ਮਹਿੰਗਾ ਸੀ ਮੇਰੇ ਲਈ। ਤੂੰ ਮੇਰੀ ਜਾਨ ਬਚਾਈ ਸੀ। ਉਹ ਕਰਜ਼ਾ ਮੈਂ ਉਮਰ ਭਰ ਤਾਰਦਾ ਰਹੂੰ। ਤੂੰ ਦੱਸ ਤਾਂ ਸਹੀ ਮੈਂ ਕੀ ਕਰਾਂ?"

ਗੁਰੀ ਨੇ ਮਨ ਭਰ ਲਿਆ, "ਗੋਸ਼ੀ! ਤੂਫ਼ਾਨ ਵਿੱਚ ਮੇਰਾ ਯਾਰ ਬੱਲੀ ਮੈਥੋਂ ਗੁਆਚ ਗਿਆ ਏ। ਤੂੰ ਮੇਰਾ ਯਾਰ ਮੈਨੂੰ ਲੱਭ ਦੇਹ।"

ਖ਼ਰਗੋਸ਼ ਨੇ ਧਰਵਾਸ ਦਿੱਤਾ, "ਗੁਰੀ ਤੂੰ ਦਿਲ ਛੋਟਾ ਨਾ ਕਰ। ਮੇਰੇ ਬਸੇਰੇ ਦੇ ਖ਼ਰਗੋਸ਼ਾਂ ਦੀ ਗਿਣਤੀ ਬਹੁਤ ਵੱਡੀ ਏ! ਅਸੀਂ ਲੱਭ ਲਵਾਂਗੇ ਤੇਰੇ ਯਾਰ ਨੂੰ।"

ਗੋਸ਼ੀ ਖ਼ਰਗੋਸ਼ ਉੱਥੋਂ ਦੌੜਿਆ ਤੇ ਜੰਗਲ ਵਿੱਚ ਗੁਆਚ ਗਿਆ।

ਕੁਝ ਛਿਣ ਗੁਰੀ ਗੋਸ਼ੀ ਦੇ ਰਾਹ ਨੂੰ ਵੇਖਦਾ ਰਿਹਾ ਤੇ ਫਿਰ ਸਰਕੰਡੇ ਵੱਲ ਮੁੜਿਆ।

ਸਰਕੰਡੇ ਵਿੱਚੋਂ ਰਾਹ ਲੱਭਣ ਦੀ ਥਾਂ ਗੁਰੀ ਸਰਕੰਡੇ ਦੇ ਵਿੱਚੋਂ ਦੀ ਅਗਾਂਹ ਤੁਰ ਪਿਆ। ਉਹਨੂੰ ਸਰਕੰਡੇ ਦੀ ਕੰਡ ਲੜਦੀ ਰਹੀ। ਉਹਦੀਆਂ ਬਾਹਵਾਂ ਝਰੀਟੀਆਂ ਗਈਆਂ, ਪਰ ਉਹ ਤੁਰਦਾ ਰਿਹਾ, ਤੁਰਦਾ ਹੀ ਰਿਹਾ।

ਸਰਕੰਡੇ ਦਾ ਅਗਲਾ ਪਾਰ ਵੀ ਸੀ।

ਜੇ ਪੈਰਾਂ ਹੇਠ ਰਾਹ ਨਾ ਹੋਵੇ ਤਾਂ ਵੀ ਤੁਰਨਾ ਧਰਮ ਹੈ। ਤੁਰਿਆਂ ਰਾਹ ਬਣ ਜਾਂਦਾ ਹੈ। ਗੋਸ਼ੀ ਖ਼ਰਗੋਸ਼ ਨੇ ਸ਼ਾਇਦ ਉਹਨੂੰ ਇਹੋ ਸਮਝਾਇਆ ਸੀ।

ਹੁਣ ਗੁਰੀ ਜਾਣਦਾ ਸੀ, ਹਰ ਦੁੱਖੀ-ਮੁਸੀਬਤ ਦਾ ਅਗਲਾ ਪਾਰ ਵੀ ਹੁੰਦਾ ਹੈ। ਉੱਥੋਂ ਹੀ ਸੁੱਖ ਦਾ ਸਫ਼ਰ ਸ਼ੁਰੂ ਹੁੰਦਾ ਹੈ।

ਆਖ਼ਰਕਾਰ ਗੁਰੀ ਨੂੰ ਅਗਲਾ ਪਾਰ ਲੱਭ ਪਿਆ। ਸਰਕੰਡੇ ਦੀ ਉਸ ਅੜਿਚਣ ਦੇ ਅਗਲੇ ਪਾਸੇ ਇੱਕ ਖੁੱਲ੍ਹੀ ਸੜਕ ਸੀ। ਉਹ ਸੜਕ ਕੱਚੀ ਸੀ। ਉਸ ਸੜਕ ਉੱਤੇ ਬੰਦਿਆਂ ਦਾ ਹਜੂਮ ਸੀ। ਦੂਰ ਤੱਕ ਸਿਰ ਹੀ ਸਿਰ ਵਿਖਾਈ ਦੇ ਰਹੇ ਸਨ, ਜਿਵੇਂ ਸਿਰਾਂ ਦਾ ਜੰਗਲ ਹੋਵੇ।

ਹਵਾ ਖਲੋਤੀ ਹੋਈ ਸੀ, ਪਰ ਉਹ ਸਿਰ ਹਿੱਲ ਰਹੇ ਸਨ।

ਨਿਰਾਸਤਾ ਦਾ ਝੱਖੜ ਉਹਨਾਂ ਦੇ ਉੱਤੋਂ ਦੀ ਝੁਲ ਰਿਹਾ ਸੀ।

ਗੁਰੀ ਨੇ ਸੜਕ ਦੇ ਦੋਹੀਂ ਪਾਸੀਂ ਨਜ਼ਰਾਂ ਦੌੜਾਈਆਂ। ਉਹਦੀ ਨਜ਼ਰ ਦੀ ਮਾਰ ਤੱਕ ਉਸ ਕਾਫ਼ਲੇ ਦਾ ਨਾ ਕੋਈ ਸ਼ੁਰੂ ਸੀ ਤੇ ਨਾ ਅੰਤ ਸੀ।

...ਤੇ ਉਹ ਪਿੰਡ, ਗੋਸ਼ੀ ਖ਼ਰਗੋਸ਼ ਨੇ ਜਿਸਦੀ ਸੂਹ ਦਿੱਤੀ ਸੀ, ਉਹ ਉੱਥੇ ਕਿੱਧਰੇ ਨਹੀਂ ਸੀ।

(ਚਲਦਾ...)

ਡਾ.ਦਰਸ਼ਨ ਸਿੰਘ ਆਸ਼ਟ
98144-23703

# ਗਿਆਨ ਮੁਕਾਬਲਾ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਅੰਗ ਹਨ?
ੳ) 1340 ਅ) 1430
ੲ) 1432 ਸ) 1328

2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜੋ ਚਿੱਠੀ ਲਿਖੀ, ਉਸ ਨੂੰ ਕੀ ਕਹਿੰਦੇ ਹਨ?
ੳ) ਜ਼ਫ਼ਰਨਾਮਾ ਅ) ਨਸੀਹਤਨਾਮਾ
ੲ) ਰਹਿਤਨਾਮਾ ਸ) ਹਦਾਇਤਨਾਮਾ

3. ਹਰਭਜਨ ਸਿੰਘ ਕਿਸ ਖੇਡ ਨਾਲ਼ ਸਬੰਧ ਰੱਖਦਾ ਹੈ?
ੳ) ਹਾਕੀ ਅ) ਕ੍ਰਿਕਟ
ੲ) ਫੁੱਟਬਾਲ ਸ) ਕਬੱਡੀ

4. 'ਹਿੰਦ ਦੀ ਚਾਦਰ' ਕਿਸ ਗੁਰੂ ਨੂੰ ਕਿਹਾ ਜਾਂਦਾ ਹੈ?
ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਅ) ਸ੍ਰੀ ਗੁਰੂ ਅਰਜਨ ਦੇਵ ਜੀ
ੲ) ਸ੍ਰੀ ਗੁਰੂ ਤੇਗ ਬਹਾਦਰ ਜੀ
ਸ) ਸ੍ਰੀ ਗੁਰੂ ਹਰਗੋਬਿੰਦ ਜੀ

5. ਕੁੰਭ ਦਾ ਮੇਲਾ ਕਿੰਨੇ ਵਰਿਆਂ ਪਿੱਛੋਂ ਮਨਾਇਆ ਜਾਂਦਾ ਹੈ?
ੳ) 10 ਅ) 12
ੲ) 14 ਸ) 16

6. ਖੇਡਾਂ ਦੇ ਸਮਾਨ ਲਈ ਕਿਹੜਾ ਸ਼ਹਿਰ ਪ੍ਰਸਿੱਧ ਹੈ?
ੳ) ਜਲੰਧਰ ਅ) ਕਪੂਰਥਲਾ
ੲ) ਸੁਲਤਾਨਪੁਰ ਲੋਧੀ ਸ) ਫਗਵਾੜਾ

7. ਗੁਰਮੁਖੀ ਤੇ ਪੰਜਾਬੀ ਵਿੱਚ ਕੀ ਸਬੰਧ ਹੈ?
ੳ) ਕੋਈ ਸਬੰਧ ਨਹੀਂ
ੲ) ਦੋਵੇਂ ਇੱਕੋ ਚੀਜ਼ ਹਨ
ੲ) ਗੁਰਮੁਖੀ ਪੁਰਾਣੀ ਪੰਜਾਬੀ ਦਾ ਨਾਮ ਹੈ?
ਸ) ਗੁਰਮੁਖੀ ਲਿਪੀ ਹੈ, ਪੰਜਾਬੀ ਬੋਲੀ ਹੈ।

8. ਛਪਾਰ ਕਿਹੜੇ ਜ਼ਿਲ੍ਹੇ ਵਿੱਚ ਹੈ?
ੳ) ਲੁਧਿਆਣਾ ਅ) ਪਟਿਆਲਾ
ੲ) ਸੰਗਰੂਰ ਸ) ਬਠਿੰਡਾ

9. ਜ਼ਿਲ੍ਹਿਆ ਵਾਲ਼ਾ ਬਾਗ਼ ਦਾ ਸਾਕਾ ਕਿਸ ਸੰਨ ਵਿੱਚ ਹੋਇਆ?
ੳ) 1919 ਅ) 1917
ੲ) 1932 ਸ) 1907

10. ਤੀਆਂ ਦਾ ਤਿਓਹਾਰ ਕਿਸ ਮਹੀਨੇ ਮਨਾਇਆ ਜਾਂਦਾ ਹੈ?
ੳ) ਅੱਸੂ ਅ) ਜੇਠ
ੲ) ਫੱਗਣ ਸ) ਸਾਉਣ

ਉੱਤਰ: 1 (ਅ) 2 (ੳ) 3 (ਅ) 4 (ੲ) 5 (ਅ) 6 (ੳ) 7 (ਸ) 8 (ੳ) 9 (ੳ) 10 (ਸ).

# ਪੰਜਾਬ ਸਕੂਲ ਸਿੱਖਿਆ ਬੋਰਡ

## (ਓਪਨ ਸਕੂਲ ਸਿੱਖਿਆ ਪ੍ਰਣਾਲੀ)

ਓਪਨ ਸਕੂਲ ਪ੍ਰਣਾਲੀ ਬੋਰਡ ਦਾ ਇੱਕ ਅਹਿਮ ਉਪਰਾਲਾ ਹੈ। ਇਸ ਅਧੀਨ ਰਸਮੀ ਸਿੱਖਿਆ ਪ੍ਰਣਾਲੀ ਤੋਂ ਵਾਂਝੇ ਜਿਵੇਂ ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ, ਕਾਰਖ਼ਾਨਿਆਂ ਵਿੱਚ ਕੰਮ ਕਰਦੇ ਮਜ਼ਦੂਰ, ਫ਼ੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ, ਖੇਤੀਬਾੜੀ ਕਰਦੇ ਕਿਸਾਨ, ਨੌਕਰੀ ਸ਼ੁਦਾ ਲੜਕੇ ਅਤੇ ਲੜਕੀਆਂ, ਦੂਰ-ਦੁਰਾਡੇ ਰਹਿੰਦੇ ਲੋਕ, ਦਿਵਿਆਂਗ (ਵਿਲੱਖਣ ਸਮਰੱਥਾ) ਵਾਲ਼ੇ ਵਿਦਿਆਰਥੀ ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ, ਸਿੱਧੇ ਤੌਰ ’ਤੇ ਮੈਟ੍ਰਿਕੁਲੇਸ਼ਨ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈ ਸਕਦੇ ਹਨ। ਓਪਨ ਸਕੂਲ ਪ੍ਰਣਾਲੀ ਰਾਹੀਂ ਪੜ੍ਹਾਈ ਲਈ ਵਿਸ਼ੇਸ਼ ਹੇਠ ਦਰਜ ਅਨੁਸਾਰ ਹਨ:

1. ਓਪਨ ਸਕੂਲ ਪ੍ਰਣਾਲੀ ਅਧੀਨ ਪ੍ਰਾਪਤ ਸਰਟੀਫਿਕੇਟ ਨੂੰ ਰੈਗੂਲਰ ਵਿਦਿਆਰਥੀਆਂ ਦੇ ਬਰਾਬਰ ਸਰਟੀਫਿਕੇਟ ਦੀ ਮਾਨਤਾ ਹੈ।
2. ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ ਦਾਖ਼ਲਾ ਲੈਣ ਵਾਲ਼ੇ ਸਾਲ 31 ਮਾਰਚ ਨੂੰ 14 ਸਾਲ ਦੀ ਉਮਰ ਪੂਰੀ ਕਰਨ ਵਾਲ਼ਾ ਕੋਈ ਵੀ ਉਮੀਦਵਾਰ ਦਾਖ਼ਲਾ ਲੈਣ ਦੇ ਯੋਗ ਹੈ।
   ਜਾਂ
   ਮੈਟ੍ਰਿਕੁਲੇਸ਼ਨ ਕੋਰਸ ਵਿੱਚ ਦਾਖ਼ਲਾ ਲੈਣ ਸਮੇਂ ਮਿਡਲ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।
3. ਬਾਰ੍ਹਵੀਂ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਮੈਟ੍ਰਿਕੁਲੇਸ਼ਨ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖ਼ਲਾ ਲੈਣ ਸਮੇਂ ਮੈਟ੍ਰਿਕੁਲੇਸ਼ਨ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ, ਦਾਖ਼ਲਾ ਲੈਣ ਦੇ ਯੋਗ ਹੈ। (ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਦੇ ਪ੍ਰਾਸਪੈਕਟਸ ਬੋਰਡ ਦੀ ਵੈਬਸਾਈਟ www.pseb.ac.in ’ਤੇ ਉਪਲੱਬਧ ਹਨ।)
4. ਵਿਦਿਆਰਥੀਆਂ ਨੂੰ ਆਪਣਾ ਸਿੱਧਾ ਦਾਖ਼ਲਾ ਆਨ-ਲਾਈਨ ਪੋਰਟਲ ਰਾਹੀਂ, ਐਕਰੀਡਿਟੇਡਿਟ ਅਧਿਐਨ ਕੇਂਦਰਾਂ ਰਾਹੀਂ ਅਤੇ ਬੋਰਡ ਦੇ ਖ਼ੇਤਰੀ ਦਫ਼ਤਰਾਂ ਰਾਹੀਂ ਦਾਖ਼ਲਾ ਲੈਣ ਦੀ ਸਹੂਲਤ ਦਿੱਤੀ ਗਈ ਹੈ।
5. ਪੜ੍ਹਾਈ ਲਈ ਤਿੰਨ ਅਧਿਐਨ ਕੇਂਦਰ (study centre) ਭਰਨ ਦੀ ਸੁਵਿਧਾ ਹੈ। ਜਿਨ੍ਹਾਂ ਵਿੱਚੋਂ ਇੱਕ ਅਧਿਐਨ ਕੇਂਦਰ ਅਲਾਟ ਕੀਤਾ ਜਾਂਦਾ ਹੈ।
6. ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਲਈ ਅਕਾਦਮਿਕ ਸਾਲ 2023-24 ਲਈ ਬਿਨ੍ਹਾਂ ਲੇਟ ਫ਼ੀਸ ਮਿਤੀ 23.10.2023 ਅਤੇ ਲੇਟ ਫ਼ੀਸ ਨਾਲ਼ 07.12.2023 ਤੱਕ ਦਾਖ਼ਲਾ ਲਿਆ ਜਾ ਸਕਦਾ ਹੈ।
7. ਪਰੀਖਿਆ ਪਾਸ ਕਰਨ ਲਈ ਸੱਤ ਮੌਕਿਆਂ ਦੀ ਸੁਵਿਧਾ ਦਿੱਤੀ ਗਈ ਹੈ।
8. ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲ ਦੇ ਫੇਲ ਵਿਦਿਆਰਥੀ ਲਈ ਦਾਖ਼ਲੇ ਦੇ ਸਾਲ ਤੋਂ ਪੰਜ ਸਾਲ ਤੱਕ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਕ੍ਰੈਡਿਟ ਕੈਰੀ ਦੀ ਸੁਵਿਧਾ ਹੈ।
9. ਸਾਲ ਵਿੱਚ ਦੋ ਵਾਰ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.) ਰਾਹੀਂ ਪੜ੍ਹਾਈ ਕਰਨ ਦੀ ਸੁਵਿਧਾ ਹੈ।
10. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੀ ਰੈਗੂਲਰ ਵਿਦਿਆਰਥੀਆਂ ਵਾਲ਼ਾ ਪਾਠ-ਕ੍ਰਮ ਲਾਗੂ ਹੈ।
11. ਵਧੇਰੇ ਜਾਣਕਾਰੀ ਲਈ ਓਪਨ ਸਕੂਲ ਦੇ Email: openschool.pseb@punjab.gov.in ਅਤੇ ਫ਼ੋਨ ਨੰਬਰ 0172-5227196, 197 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

Registered No. CHD/0062/2021-2023
Registered with the Registrar of Newspapers for India, New Delhi under R.N.I. 18176/71

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 30 ਸਤੰਬਰ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20